
FARM AND SPICE
Open 7 Days a Week
8.30 am to 9.00 pm
SPECIAL OFFERS: 2-8 FEB
Daily Specials on
ਧਨੀਆ
Cilantro
79¢ each
ਹਰੇ ਨਿੰਬੂ
Lime
2 for $1.00
ਗਾਲਾ ਬੀ ਸੀ ਸੇਬ
Gala BC Apple
$1.29 /lb
ਐਂਬ੍ਰੋਸੀਆ ਸੇਬ
Ambrosia Apple
$1.29 /lb
ਸੈਲਰੀ
Celery
$1.99 each
ਆਵੋਕਾਡੋ
Avocado
99¢ each
ਲਾਲ ਸੇਬ
Red Delicious Apple
$1.29 /lb
ਅਦਰਕ
Ginger
$2.49 /lb
ਲੈਟਿਸ ਹੈੱਡ
Lettuce Head
$1.99 each
ਸਰੋਂ ਦਾ ਤੇਲ
Gagan
Mustard Oil
250ml
$1.49 each
ਮੈਂਗੋ ਜੂਸ
ITN
Mango Juice
1.5Ltr
$2.99 each
ਪਾਰਲੀਮੈਂਟ ਚਾਵਲ
Parliament
Basmati Rice
8 lb
$7.99 each
ਸਰੋਂ ਦਾ ਸਾਗ
Sohna
Saron Da Saag
850g
$3.99 each
ਸ਼ਹਿਦ
Mothers Love
Honey
900 g
$7.99 each
ਮੇਰੀ ਚਾਹ
Meri Chai
Tea Bags
216Bags
$5.49 each
ਐਸੋਟਿਡ ਰੱਸ
Aap Ki Pasand
Assorted Rusk
600g
$3.99 each
AMA Products at
lowest Price
Disposable 7' Spoons
20pcs
$1.29 each
7' Round Plates
40pcs
$3.99 each
9 oz paper cups
50pcs
$3.99 each
6 Compartment cornstarch trays
40pcs
$9.99 each
ਆਈ ਟੀ ਐਨ ਚਾਵਲ
ITN Basmati
Super Long Rice
8 lb
$9.99 each
ਰੈਡ ਲੇਬਲ ਚਾਹ
Red Label
Tea
216 bags
$13.99 each
ਕਨੋਲਾ ਤੇਲ
Canola Harvest
Canola Oil
3 ltr
$12.99 each
ਆਸ਼ੀਰਵਾਦ ਆਟਾ
Aashriwad
Whole Wheat Atta
20 lb
$19.99 each
#9546-9548 Scott Town Plaza 96 Ave Scott Road Surrey
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last

# ਕੰਜ਼ਰਵੇਟਿਵ ਪਾਰਟੀ ਦੀ ਵੱਧ ਰਹੀ ਲੋਕਪ੍ਰਿਅਤਾ ਦੂਜੀਆਂ ਪਾਰਟੀਆਂ ਲਈ ਚਿੰਤਾ ਦਾ ਵਿਸ਼ਾ ਬਣੀ



ਬੀਤੇ ਦਿਨੀਂ ਕਰਵਾਏ ਗਏ ਇੱਕ ਤਾਜ਼ਾ ਸਰਵੇਖਣ ਅਨੁਸਾਰ ਬਹੁਤੇ ਕੈਨੇਡੀਅਨਜ਼ ਲਈ ਲਿਬਰਲ ਪਾਰਟੀ ਅਜੇ ਵੀ ਪਸੰਦੀਦਾ ਪਾਰਟੀ ਹੈ ਅਤੇ ਬਹਤੇ ਵੋਟਰ ਲਿਬਰਲ ਪਾਰਟੀ ਨੂੰ ਵੋਟ ਕਰਨ ਦੀ ਇਛਾ ਰੱਖਦੇ ਹਨ। ਸਰਵੇਖਣ ਦੌਰਾਨ ਬਹੁਤੇ ਕੈਨੇਡੀਅਨ ਨੇ ਕਿਹਾ ਉਹ ਪਾਰਟੀ ਨਾਲ ਸਾਂਝੇ ਰੱਖਦੇ ਅਤੇ ਚਾਹੁੰਦੇ ਹਨ ਕਿ ਕੰਜ਼ਰਵੇਟਿਵ ਦੀ ਜਿੱਤ ਨਾ ਹੋਵੇ। ਦੂਜੇ ਪਾਸੇ ਜੋ ਲੋਕ ਕੰਜ਼ਰਵੇਟਿਵ ਸਮਰਥਕ ਹਨ ਉਹ ਇਸ ਦੇ ਬਿਲਕੁਲ ਉਲਟ ਸੋਚ ਰੱਖਦੇ ਹਨ। ਇਹ ਸਰਵੇਖਣ ਐਂਗਸ ਰੀਡ ਇੰਸਟੀਚਿਊਟ ਵੱਲੋਂ ਆਨਲਾਈਨ ਕਰਵਾਇਆ ਗਿਆ। ਇਸ ਸਰਵੇਖਣ ਅਨੁਸਾਰ ਕੈਨੇਡੀਅਨ ਜਨਤਾ ਦੁਬਾਰਾ ਟਰੂਡੋ ਨੂੰ ਚੁਣਨ ਦੇ ਹੱਕ ਵਿੱਚ ਨਹੀਂ ਹੈ ਜਦਕਿ ਕੰਜ਼ਰਵੇਟਿਵ ਦੇ ਮਾਮਲੇ ਵਿੱਚ ਕੈਨੇਡੀਅਨਜ਼ ਦੀ ਸੋਚ ਵੱਖਰੀ ਹੈ। ਪੰਜ ਵਿੱਚੋਂ ਤਿੰਨ ਕੰਜ਼ਰਵੇਟਿਵ ਸਮਰਥਕਾਂ ਦਾ ਕਹਿਣਾ ਹੈ ਕਿ ਉਹ ਇਸ ਲਈ ਪਾਰਟੀ ਨੂੰ ਵੋਟ ਕਰਨਾ ਚਾਹੁੰਦੇ ਹਨ ਕਿਉਂਕਿ ਉਹ ਕੰਜ਼ਰਵੇਟਿਵ ਆਗੂ ਪੀਅਰ ਪੌਲੀਵੀਅਰ ਨੂੰ ਪਸੰਦ ਕਰਦੇ ਹਨ ਤੇ ਪਾਰਟੀ ਦੀ ਸੋਚ ਨਾਲ ਇਤਫਾਕ ਰੱਖਦੇ ਹਨ।

ਦੂਜੇ ਪਾਸੇ ਪੰਜਾਂ ਵਿੱਚੋਂ ਤਿੰਨ ਲਿਬਰਲ ਸਮਰਥਕਾਂ ਦਾ ਕਹਿਣਾ ਹੈ ਕਿ ਉਹ ਟਰੂਡੋ ਤੇ ਲਿਬਰਲ ਸਰਕਾਰ ਦੀਆਂ ਨੀਤੀਆਂ ਦਾ ਸਮਰਥਨ ਕਰਨ ਦੀ ਥਾਂ ਕੰਜ਼ਰਵੇਟਿਵ ਸਰਕਾਰ ਨੂੰ ਸੱਤਾ ਵਿੱਚ ਆਉਣ ਤੋਂ ਰੋਕਣ ਲਈ ਲਿਬਰਲਾਂ ਦਾ ਸਾਥ ਦੇ ਰਹੇ ਹਨ। ਰਿਪੋਰਟ ਵਿੱਚ ਇਹ ਵੀ ਆਖਿਆ ਗਿਆ ਕਿ ਜੇ ਕੰਜ਼ਰਵੇਟਿਵ ਜਿੱਤਦੇ ਨਜ਼ਰ ਆਉਣਗੇ ਤਾਂ ਬਹੁਤੇ ਐਨਡੀਪੀ ਵੋਟਰ ਲਿਬਰਲਾਂ ਦੀ ਹਮਾਇਤ ਲਈ ਤਿਆਰ ਹਨ। ਐਨਡੀਪੀ ਦੇ 36 ਫੀਸਦੀ ਸਮਰਥਕਾਂ ਦਾ ਕਹਿਣਾ ਹੈ ਕਿ ਕੰਜ਼ਰਵੇਟਿਵਾਂ ਦੀ ਜਿੱਤ ਯਕੀਨੀ ਹੋਣ ਉੱਤੇ ਉਹ ਐਨਡੀਪੀ ਨੂੰ ਛੱਡ ਕੇ ਲਿਬਰਲਾਂ ਨੂੰ ਵੋਟ ਪਾਉਣਗੇ ਜਦਕਿ ਦਸ ਵਿੱਚੋਂ ਤਿੰਨਾਂ ਨੇ ਆਖਿਆ ਕਿ ਉਹ ਇਸ ਬਦਲ ਬਾਰੇ ਸੋਚ ਸਕਦੇ ਹਨ। ਬਾਕੀ 19 ਫੀਸਦੀ ਦਾ ਕਹਿਣਾ ਹੈ ਕਿ ਅਜਿਹਾ ਕਿਸੇ ਵੀ ਹਾਲ ਸੰਭਵ ਨਹੀਂ ਹੈ। ਰਿਪੋਰਟ ਵਿੱਚ ਆਖਿਆ ਗਿਆ ਕਿ ਜੇ ਅਜਿਹਾ ਹੁੰਦਾ ਹੈ ਤਾਂ ਇਹ ਐਨਡੀਪੀ ਆਗੂ ਜਗਮੀਤ ਸਿੰਘ ਤੇ ਉਨ੍ਹਾਂ ਦੀ ਪਾਰਟੀ ਲਈ ਵੱਡਾ ਘਾਟਾ ਹੋਵੇਗਾ। 2019 ਤੋਂ 2021 ਤੱਕ ਐਨਡੀਪੀ ਆਪਣਾ ਸਮਰਥਨ 16 ਤੋਂ 18 ਫੀਸਦੀ ਕਰਨ ਵਿੱਚ ਮਸ੍ਹਾਂ ਕਾਮਯਾਬ ਹੋਈ ਹੈ। ਇਸੇ ਤਰ੍ਹਾਂ ਬਲਾਕ ਕਿਊਬਿਕੁਆ ਦੇ ਸੰਭਾਵੀ ਵੋਟਰ ਜਿਹੜੇ ਟੋਰੀਜ਼ ਨੂੰ ਜਿੱਤਣ ਤੋਂ ਰੋਕਣਾ ਚਾਹੁੰਦੇ ਹਨ ਵਿੱਚੋਂ 35 ਫੀਸਦੀ ਦਾ ਕਹਿਣਾ ਹੈ ਕਿ ਉਹ ਆਖਰੀ ਮੌਕੇ ਵੱਖਰੀ ਪਾਰਟੀ ਨੂੰ ਵੋਟ ਪਾ ਸਕਦੇ ਹਨ ਤੇ 19 ਫੀਸਦੀ ਦਾ ਕਹਿਣਾ ਹੈ ਕਿ ਅਜਿਹਾ ਹੋਣ ਦੀ ਸੰਭਾਵਨਾ ਹੋ ਸਕਦੀ ਹੈ। ਐਂਗਸ ਰੀਡ ਨੇ ਇਹ ਵੀ ਆਖਿਆ ਕਿ ਜੇ ਲੋਕ ਲਿਬਰਲਾਂ ਨੂੰ ਵੋਟ ਕਰਨ ਦਾ ਫੈਸਲਾ ਕਰਦੇ ਵੀ ਹਨ ਤਾਂ ਵੀ ਲਿਬਰਲ ਸੱਤ ਫੀ ਸਦੀ ਦੇ ਫਰਕ ਨਾਲ ਪਿੱਛੇ ਰਹਿਣਗੇ। ਇਸ ਦੌਰਾਨ ਇਸ ਤਾਜ਼ਾ ਸਰਵੇਖਣ ਤੋਂ ਇਹ ਵੀ ਸਾਹਮਣੇ ਆਇਆ ਹੈ ਕਿ ਜੇ ਅੱਜ ਚੋਣਾਂ ਹੁੰਦੀਆਂ ਹਨ ਤਾਂ ਪੰਜਾਂ ਵਿੱਚੋਂ ਦੋ ਕੈਨੇਡੀਅਨਜ਼ ਕੰਜ਼ਰਵੇਟਿਵਾਂ ਦਾ ਸਾਥ ਦੇਣਗੇ ਜਦਕਿ 24 ਫੀ ਸਦੀ ਲਿਬਰਲਾਂ ਦੀ ਹਮਾਇਤ ਕਰਨਗੇ, ਪੰਜਾਂ ਵਿੱਚੋਂ ਇੱਕ ਐਨਡੀਪੀ ਦਾ ਸਮਰਥਨ ਕਰੇਗਾ।


# ਬੀਸੀ ਵਿੱਚ ਨਿੱਜੀ ਵਿੱਦਿਅਕ ਅਦਾਰਿਆਂ ’ਤੇ ਸਖ਼ਤੀ

ਕੈਨੇਡਾ ਦੀ ਫੈਡਰਲ ਸਰਕਾਰ ਵੱਲੋਂ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਸੀਮਤ ਕੀਤੇ ਜਾਣ ਮਗਰੋਂ ਸੂਬਾ ਸਰਕਾਰਾਂ ਵੀ ਹਰਕਤ ’ਚ ਆ ਗਈਆਂ ਹਨ। ਬ੍ਰਿਟਿਸ਼ ਕੋਲੰਬੀਆ ਸਰਕਾਰ ’ਚ ਉੱਚ ਸਿੱਖਿਆ ਮੰਤਰੀ ਸੈਲੀਨਾ ਰੌਬਿਨਸਨ ਨੇ ਕਿਹਾ ਹੈ ਕਿ ਹਰੇਕ ਵਿੱਦਿਅਕ ਸੰਸਥਾ ਦੀ ਅਚਾਨਕ ਜਾਂਚ ਯਕੀਨੀ ਬਣਾਈ ਜਾ ਰਹੀ ਹੈ ਜਦ ਕਿ ਪਹਿਲਾਂ ਇਹ ਜਾਂਚ ਸ਼ਿਕਾਇਤ ਮਿਲਣ ’ਤੇ ਹੀ ਕੀਤੀ ਜਾਂਦੀ ਸੀ। ਉਨ੍ਹਾਂ ਇਹ ਗੱਲ ਸੋਮਵਾਰ ਨੂੰ ਸਰੀ ਵਿੱਚ ਇੱਕ ਸਮਾਗਮ ਦੌਰਾਨ ਆਖੀ। ਸੈਲੀਨਾ ਨੇ ਕਿਹਾ, ‘‘ਸੂਬੇ ਵਿਚਲੇ 280 ਨਿੱਜੀ ਕਾਲਜਾਂ ਨੂੰ ਹੁਣ ਵਿਦਿਆਰਥੀ ਦੀਆਂ ਲੋੜਾਂ ਲਈ ਲੋੜੀਂਦੇ ਸਾਧਨਾਂ ਦੇ ਪ੍ਰਬੰਧ ਵੇਖ ਕੇ ਸੀਮਤ ਦਾਖਲਿਆਂ ਦੀ ਆਗਿਆ ਦਿੱਤੀ ਜਾਵੇਗੀ ਤੇ ਗੁਮਰਾਹ ਕਰਨ ਵਾਲੇ ਅਦਾਰਿਆਂ ਨੂੰ ਤਾਲੇ ਜੜੇ ਜਾਣਗੇ।’’ ਸਿੱਖਿਆ ਮੰਤਰੀ ਨੇ ਅਸਿੱਧੇ ਤੌਰ ’ਤੇ ਮੰਨਿਆ ਕਿ ਨਿੱਜੀ ਸਿੱਖਿਆ ਸੰਸਥਾਵਾਂ ਬੇਨਿਯਮੀਆਂ ਕਰਦੀਆਂ ਰਹੀਆਂ ਹਨ। ਉਨ੍ਹਾਂ ਸਖਤ ਲਹਿਜ਼ੇ ’ਚ ਆਖਿਆ, ‘‘ਕਾਰਵਾਈ ਦੀ ਪਹਿਲੀ ਗਾਜ਼ ਮਾਲ ਪਲਾਜ਼ਿਆਂ ਵਿੱਚ ਇੱਕ ਕਮਰਾ ਲੈ ਕੇ ਖੋਲ੍ਹੇ ਅਤੇ ਆਨਲਾਈਨ ਕਲਾਸਾਂ ਲਾਉਣ ਵਾਲੇ ਕਾਲਜਾਂ ’ਤੇ ਡਿੱਗੇਗੀ। ਸੂਬਾ ਸਰਕਾਰ ਦੋ ਸਾਲ ਕੋਈ ਵੀ ਨਵਾਂ ਨਿੱਜੀ ਕਾਲਜ ਖੋਲ੍ਹਣ ਦੀ ਆਗਿਆ ਨਹੀਂ ਦੇਵੇਗੀ।’’

## ਨਵੇਂ ਕਾਲਜਾਂ ’ਤੇ ਅੰਤਰਰਾਟਸ਼ਰੀ ਵਿਦਿਆਰਥੀਆਂ ਦੇ ਦਾਖ਼ਲੇ ’ਤੇ ਦੋ ਸਾਲ ਲਈ ਲਗਾਈ ਪਾਬੰਦੀ

ਕੈਨੇਡਾ ਅਗਲੇ ਦੋ ਸਾਲਾਂ ਲਈ ਬ੍ਰਿਟਿਸ਼ ਕੋਲੰਬੀਆ ਵਿੱਚ ਨਵੇਂ ਪੋਸਟ-ਸੈਕੰਡਰੀ ਸੰਸਥਾਵਾਂ ਵਿੱਚ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ ’ਤੇ ਪਾਬੰਦੀ ਲਗਾਉਣ ਜਾ ਰਿਹਾ ਹੈ। ਅਜਿਹਾ ਬ੍ਰਿਟਿਸ਼ ਕੋਲੰਬੀਆ ਦੇ ਕਾਲਜਾਂ ਵਿੱਚ ਵਿਦਿਆਰਥੀਆਂ ਨਾਲ ਹੋ ਰਹੀ ਧੋਖਾਧੜੀ ਨੂੰ ਰੋਕਣ ਅਤੇ ਕਾਲਜ ਪ੍ਰਬੰਧਨ ਦੀਆਂ ਕਮੀਆਂ ਨੂੰ ਦੂਰ ਕਰਨ ਲਈ ਕੀਤਾ ਜਾ ਰਿਹਾ ਹੈ। ਸਿੱਖਿਆ ਮੰਤਰੀ ਸੇਲੀਨਾ ਰੌਬਿਨਸਨ ਨੇ ਸੋਮਵਾਰ ਨੂੰ ਇਹ ਵੀ ਐਲਾਨ ਕੀਤਾ ਕਿ ਬੀਸੀ ਸਰਕਾਰ ਪ੍ਰਾਈਵੇਟ ਸੰਸਥਾਵਾਂ ਵਿੱਚ ਘੱਟੋ-ਘੱਟ ਭਾਸ਼ਾ ਦੀਆਂ ਲੋੜਾਂ ਵੀ ਤੈਅ ਕਰ ਰਹੀ ਹੈ ਤਾਂ ਜੋ ਅੰਤਰਰਾਸ਼ਟਰੀ ਵਿਦਿਆਰਥੀ ਸੂਬੇ ਵਿੱਚ ਆਉਣ ਤੋਂ ਪਹਿਲਾਂ ਬਿਹਤਰ ਤਿਆਰ ਹੋ ਸਕਣ। ਇੱਕ ਰਿਲੀਜ਼ ਵਿੱਚ ਉਨ੍ਹਾਂ ਨੇ ਕਿਹਾ ਕਿ ਮਿਆਰਾਂ ਦੀ ਪੂਰਤੀ ਯਕੀਨੀ ਬਣਾਉਣ ਲਈ ਅਦਾਰਿਆਂ ਦੀ ਅਚਾਨਕ ਜਾਂਚ ਵੀ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਬਹੁਤ ਸਾਰੇ ਵਿਦਿਆਰਥੀਆਂ ਦਾ ਫ਼ਾਇਦਾ ਚੁੱਕਿਆ ਜਾ ਰਿਹਾ ਹੈ। ਰੌਬਿਨਸਨ ਨੇ ਕਿਹਾ ਕਿ ਸਰਕਾਰ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਮਾੜੇ ਅੰਸਰਾਂ ਤੋਂ ਬਚਾਉਣ ਅਤੇ ਉਨ੍ਹਾਂ ਨੂੰ ਸਫ਼ਲਤਾ ਦਾ ਚੰਗਾ ਮਾਰਗ ਦੇਣ ਖ਼ਾਤਰ ਅਦਾਰਿਆਂ ਲਈ ਸਖ਼ਤ ਸ਼ਰਤਾਂ ਲਾਗੂ ਕਰ ਰਹੀ ਹੈ, ਤਾਂ ਕਿ ਬੀਸੀ ਹੁਨਰਮੰਦ ਵਿਦਿਆਰਥੀਆਂ ਨੂੰ ਆਕਰਸ਼ਤ ਕਰਨਾ ਜਾਰੀ ਰੱਖ ਸਕੇ ਅਤੇ ਕਾਮਿਆਂ ਦੀ ਘਾਟ ਦੇ ਪਾੜੇ ਨੂੰ ਪੂਰਾ ਕਰਕੇ ਆਰਥਿਕਤਾ ਨੂੰ ਅੱਗੇ ਵੱਲ ਤੋਰਨਾ ਜਾਰੀ ਰੱਖ ਸਕੇ। ਇਹ ਕਦਮ ਉਦੋਂ ਚੁੱਕਿਆ ਗਿਆ ਹੈ ਜਦੋਂ ਪਿਛਲੇ ਹਫ਼ਤੇ ਫ਼ੈਡਰਲ ਸਰਕਾਰ ਨੇ ਐਲਾਨ ਕੀਤਾ ਸੀ ਕਿ ਉਹ ਅਗਲੇ ਦੋ ਸਾਲਾਂ ਦੌਰਾਨ ਸਟਡੀ ਪਰਮਿਟਸ ਦੀ ਗਿਣਤੀ ਨੂੰ ਸੀਮਤ ਕਰ ਰਹੀ ਹੈ। ਇਮੀਗ੍ਰੇਸ਼ਨ ਮਿਨਿਸਟਰ ਮਾਰਕ ਮਿਲਰ ਨੇ ਕਿਹਾ ਸੀ ਕਿ ਸਰਕਾਰ 2024 ਲਈ 360,000 ਅੰਡਰਗ੍ਰੈਜੂਏਟ ਸਟਡੀ ਪਰਮਿਟਾਂ ਨੂੰ ਮਨਜ਼ੂਰੀ ਦੇਵੇਗੀ, ਜਿਸ ਦਾ ਉਦੇਸ਼ ਸਟਡੀ ਪਰਮਿਟਾਂ ਦੀ ਗਿਣਤੀ ਨੂੰ 2023 ਦੀ ਗਿਣਤੀ ਤੋਂ 35 ਪ੍ਰਤੀਸ਼ਤ ਤੱਕ ਘੱਟ ਕਰਨਾ ਹੈ। ਦਰਅਸਲ ਸਟੂਡੈਂਟ ਪ੍ਰੋਗਰਾਮ ਵਿਚ ਜ਼ਬਰਦਸਤ ਤੇਜ਼ੀ ਆਈ ਹੈ, ਜਿਸ ਕਰਕੇ ਕੈਨੇਡਾ ਦੀ ਹਾਊਸਿੰਗ ਮਾਰਕੀਟ ਵੀ ਪ੍ਰਭਾਵਿਤ ਹੋਈ ਹੈ। ਰੌਬਿਨਸਨ ਨੇ ਕਿਹਾ ਕਿ ਨਵੇਂ ਅਦਾਰਿਆਂ ‘ਤੇ ਲੱਗੀ ਰੋਕ ਫ਼ਰਵਰੀ 2026 ਤੱਕ ਲਾਗੂ ਰਹੇਗੀ। ਬਿਆਨ ਅਨੁਸਾਰ ਨਵੇਂ ਮਾਪਦੰਡਾਂ ਵਿੱਚ ਡਿਗਰੀ ਗੁਣਵੱਤਾ ਲਈ ਉੱਚ ਮੁਲਾਂਕਣ ਮਾਪਦੰਡ, ਗ੍ਰੈਜੂਏਟ ਅਤੇ ਉਚਿਤ ਸਰੋਤਾਂ ਲਈ ਪ੍ਰਦਰਸ਼ਿਤ ਲੇਬਰ-ਮਾਰਕੀਟ ਦੀ ਜ਼ਰੂਰਤ ਅਤੇ ਵਿਦਿਆਰਥੀ ਸਹਾਇਤਾ ਸ਼ਾਮਲ ਹੋਣਗੇ। ਸੰਸਥਾਵਾਂ ਨੂੰ ਕਿਸੇ ਵਿਅਕਤੀ ਦੁਆਰਾ ਪੜ੍ਹਾਈ ਦੇ ਪੂਰੇ ਸਮੇਂ ਲਈ ਟਿਊਸ਼ਨ ਖ਼ਰਚੇ ਪੋਸਟ ਕਰਨ ਦੀ ਵੀ ਲੋੜ ਹੋਵੇਗੀ। ਬਿਆਨ ਵਿਚ ਕਿਹਾ ਗਿਆ ਹੈ ਕਿ ਬੀਸੀ ਦੇ ਪਬਲਿਕ ਅਤੇ ਪ੍ਰਾਈਵੇਟ ਸੰਸਥਾਵਾਂ ਵਿੱਚ ਕੁੱਲ 545,000 ਵਿਦਿਆਰਥੀਆਂ ਵਿੱਚੋਂ 150 ਤੋਂ ਵੱਧ ਦੇਸ਼ਾਂ ਦੇ 175,000 ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀ ਹਨ। 54% ਦੇ ਕਰੀਬ ਅੰਤਰਰਾਸ਼ਟਰੀ ਵਿਦਿਆਰਥੀ ਪ੍ਰਾਈਵੇਟ ਅਦਾਰਿਆਂ ਵਿਚ ਹਨ।

BADH
Accounting Services
26 Years Experience in Accounting
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC
Jasbir Singh Badh



Charlesworth
insurance services ltd.
Servicing the following insurance needs:
- Homeowners
- Tenants
- Farms
- Travel
- Life
- Condo
- RV's
- Business
- Contractors
- Disability
- Cargo
- Liability
- Auto
- Private Auto
- Marriage Licence Issuer
ICBC autoplan
"For Fast, Friendly and Reliable Service!"



Phone:
604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com
Wedding Cards
ਵਿਆਹ ਦੇ ਕਾਰਡ
Best Rates
ਵਿਆਹ ਦੇ ਕਾਰਡ
Letterheads,
Business Cards, Envelops
Invoices, Flyers,
Folding, Stitching,
Numbering, Rubbers Stamps,
Receipt Books, Brochures
All kinds of Signs and Decals
ਲੈਟਰਹੈੱਡ, ਬਿਜਨਸ ਕਾਰਡ,
ਲਫਾਫੇ, ਇਨਵੋਏਸਿਸ,
ਇਸ਼ਤਿਹਾਰ, ਫੋਲਡਿੰਗ, ਸਟਿਚਿੰਗ,
ਨੰਬਰਿੰਗ, ਰਬਰ ਸਟੈਂਪਸ, ਰਸੀਦ
ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ
ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ
ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ



# ਰਾਮ ਰਹੀਮ ਦੀ ਪੈਰੋਲ' ਚ ਵਾਧਾ ਕਰਨਾ'ਤੇ ਸਿੱਖ ਬੰਦੀ ਸਿੰਘਾਂ ਨੂੰ ਅੱਖੋਂ ਪਰੋਖੇ ਕਰਨਾ ਸਿੱਖਾਂ ਨੂੰ ਗੁਲਾਮੀ ਦਾ ਅਹਿਸਾਸ ਦਿਵਾਉਣਾ:ਬੀਬੀ ਰਣਜੀਤ ਕੌਰ

ਨਵੀਂ ਦਿੱਲੀ:ਹਰਿਆਣਾ ਸਰਕਾਰ ਵਲੋਂ ਡੇਰਾ ਸੱਚਾ ਸੌਦਾ ਮੁਖੀ ਜ਼ਬਰਜਿਨਾਹ ਅਤੇ ਕੱਤਲ ਵਰਗੇ ਗੰਭੀਰ ਅਪਰਾਧਾਂ ਦੇ ਦੋਸ਼ੀ ਗੁਰਮੀਤ ਰਾਮ ਰਹੀਮ ਦੀ ਪੈਰੋਲ ਦੀ ਮਿਆਦ 50 ਦਿਨਾਂ ਦੇ ਨਾਲ 10 ਦਿਨਾਂ ਲਈ ਹੋਰ ਵਧਾ ਦਿੱਤੀ ਗਈ ਹੈ । ਤੇ ਦੂਜੇ ਪਾਸੇ ਸਿੱਖ ਬੰਦੀ ਸਿੰਘ ਜੋ ਪਿਛਲੇ 30-35 ਸਾਲਾਂ ਤੋਂ ਦੇਸ਼ ਦੀਆਂ ਵੱਖ ਵੱਖ ਜੇਲ੍ਹਾਂ ਅੰਦਰ ਬੰਦ ਹਨ ਉਨ੍ਹਾਂ ਨੂੰ ਜਮਾਨਤਾਂ ਤਾਂ ਦੂਰ ਇਕ ਦਿਨ ਲਈ ਵੀ ਪੈਰੋਲ/ਫਰਲੋ ਨਹੀਂ ਦਿੱਤੀ ਜਾ ਰਹੀ ਹੈ ਤੇ ਨਾਲ ਹੀ ਸਿੱਖਾਂ ਨਾਲ ਦੂਜੇ ਦਰਜ਼ੇ ਦੇ ਸ਼ਹਿਰੀ ਹੋਣ ਦਾ ਅਹਿਸਾਸ ਕਰਵਾਉਦਿਆਂ ਸਿੱਖ ਪੰਥ ਦੀ ਸ਼੍ਰੋਮਣੀ ਜਥੇਬੰਦੀ ਐਸਜੀਪੀਸੀ ਵਲੋਂ ਕੇਂਦਰ ਸਰਕਾਰ ਦੇ ਗ੍ਰਿਹਮੰਤਰਾਲੇ ਨੂੰ ਬੰਦੀ ਸਿੰਘਾਂ ਲਈ ਲਿਖੀਆਂ ਚਿਠੀਆਂ ਦਾ ਜੁਆਬ ਦੇਣਾ ਤਾਂ ਦੂਰ ਮਿਲਣ ਲਈ ਸਮਾਂ ਵੀ ਨਹੀਂ ਦਿੱਤਾ ਜਾ ਰਿਹਾ ਹੈ । ਬੀਬੀ ਰਣਜੀਤ ਕੌਰ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਇਸਤਰੀ ਵਿੰਗ ਦੇ ਮੁੱਖ ਸੇਵਾਦਾਰ ਨੇ ਮੀਡੀਆ ਨੂੰ ਜਾਰੀ ਆਪਣੇ ਬਿਆਨ ਰਾਹੀਂ ਖਦਸ਼ਾ ਪ੍ਰਗਟ ਕਰਦਿਆਂ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਮੌਜੂਦਾ ਸਰਕਾਰ ਵੱਲੋਂ ਵਾਰ-ਵਾਰ ਡੇਰਾ ਮੁਖੀ ਰਾਮ ਰਹੀਮ ਨੂੰ ਪੈਰੋਲ ਦਿੱਤੀ ਜਾ ਰਹੀ ਹੈ, ਪਰ ਦੂਸਰੇ ਪਾਸੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਨਹੀਂ ਕੀਤੀ ਜਾ ਰਹੀ ਅਤੇ ਸਜ਼ਾ ਪੂਰੀ ਹੋਣ ਦੇ ਬਾਵਜੂਦ ਉਨਾਂ ਨੂੰ ਜੇਲ੍ਹਾਂ ਵਿੱਚ



ਰੱਖਿਆ ਜਾ ਰਿਹਾ ਹੈ। ਜਿਸ ਤੋਂ ਸਾਫ਼ ਜਾਹਿਰ ਹੈ ਕਿ ਘੱਟ ਗਿਣਤੀਆਂ ਨੂੰ ਕਾਨੂੰਨ ਅਨੁਸਾਰ ਵੀ ਨਿਆਂ ਨਹੀਂ ਮਿਲਦਾ ਤੇ ਇੱਕ ਡੇਰਾ ਮੁਖੀ ਜੋ ਕਿ ਸਜ਼ਾ ਜਾਫਤਾ ਹੈ ਅਤੇ ਗੰਭੀਰ ਦੋਸ਼ਾਂ ਤਹਿਤ ਸਜ਼ਾ ਕੱਟ ਰਿਹਾ ਹੈ, ਉਸ ਨੂੰ ਸਿਰਫ ਰਾਜਨੀਤਿਕ ਹਿੱਤਾਂ ਦੀ ਪੂਰਤੀ ਲਈ ਵਾਰ-ਵਾਰ ਪੈਰੋਲ ਦਿੱਤੀ ਜਾ ਰਹੀ ਹੈ।

ਉਨ੍ਹਾਂ ਨੇ ਦੇਸ਼ ਦੀ ਨਿਆਂ ਪ੍ਰਣਾਲੀ ਤੇ ਸੁਆਲ ਚੁੱਕਦਿਆਂ ਕਿਹਾ ਕਿ ਇੱਕ ਅਪਰਾਧੀ ਨੂੰ ਵਾਰ-ਵਾਰ ਪੈਰੋਲ ਮਿਲਣ ਨਾਲ ਕਿਤੇ ਨਾ ਕਿਤੇ ਨਿਆਂ ਪ੍ਰਣਾਲੀ 'ਤੇ ਵੀ ਸਵਾਲ ਖੜੇ ਹੁੰਦੇ ਹਨ, ਕਿਉਂਕਿ ਇਸ ਤਰ੍ਹਾਂ ਮੁਜ਼ਲਮ ਦੇ ਦਿਲ ਤੋਂ ਕਾਨੂੰਨ ਦਾ ਡਰ ਨਿਕਲ ਜਾਂਦਾ ਹੈ ਤੇ ਓਹ ਸਮਝਦਾ ਹੈ ਕਿ ਜਿੰਨਾਂ ਮਰਜ਼ੀ ਵੱਡਾ ਜ਼ੁਲਮ ਕਰ ਲਓ ਪਰ ਸਰਕਾਰ ਨਾਲ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਦੂਜੇ ਪਾਸੇ ਬੰਦੀ ਸਿੰਘਾਂ ਨੂੰ ਤਾਂ 30 ਤੋਂ 35 ਸਾਲ ਵੀ ਹੋ ਚੁੱਕੇ ਹਨ ਪਰ ਉਨ੍ਹਾਂ ਨੂੰ ਜੇਲ੍ਹਾਂ ਤੋਂ ਬਾਹਰ ਹੀ ਨਹੀਂ ਕੱਢਿਆ ਜਾ ਰਿਹਾ। ਆਖ਼ਿਰ ਕਦੋ ਤਕ ਸਿੱਖਾਂ ਨੂੰ ਦੂਜੇ ਦਰਜ਼ੇ ਦੇ ਨਾਗਰਿਕ ਹੋਣ ਦੇ ਅਹਿਸਾਸ ਨਾਲ ਗੁਲਾਮਾਂ ਵਾਲਾ ਵਰਤਾਵ ਜਾਰੀ ਰਹੇਗਾ?

# ਸਿਫਰ ਮਾਮਲੇ 'ਚ ਇਮਰਾਨ ਤੇ ਕੁਰੈਸ਼ੀ ਨੂੰ 10-10 ਸਾਲ ਦੀ ਸਜ਼ਾ

ਇਸਲਾਮਾਬਾਦ:ਪਾਕਿਸਤਾਨ ਦੀਆਂ 8 ਫਰਵਰੀ ਨੂੰ ਹੋਣ ਜਾ ਰਹੀਆਂ ਆਮ ਚੋਣਾਂ ਤੋਂ ਪਹਿਲਾਂ ਮੰਗਲਵਾਰ ਸਿਫਰ ਮਾਮਲੇ 'ਚ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਤੇ ਉਨ੍ਹਾ ਦੇ ਵਿਦੇਸ਼ ਮੰਤਰੀ ਰਹੇ ਸ਼ਾਹ ਮਹਿਮੂਦ ਕੁਰੈਸ਼ੀ ਨੂੰ 10-10 ਸਾਲ ਦੀ ਸਜ਼ਾ ਸੁਣਾਈ ਗਈ ਹੈ। ਸਰਕਾਰੀ ਭੇਦ ਬਾਰੇ ਕਾਨੂੰਨ ਤਹਿਤ ਸਥਾਪਤ ਵਿਸ਼ੇਸ਼ ਅਦਾਲਤ ਦੇ ਜੱਜ ਅਬੁਲ ਹਸਨਤ ਜ਼ੁਲਕਰਨੈਨ ਨੇ ਰਾਵਲਪਿੰਡੀ ਦੀ ਅਦਿਆਲਾ ਜੇਲ੍ਹ 'ਚ ਕੇਸ ਦੀ ਸੁਣਵਾਈ ਦੌਰਾਨ ਇਹ ਫੈਸਲਾ ਦਿੱਤਾ ਹੈ। ਸਿਫਰ ਮਾਮਲਾ ਇਕ ਡਿਪਲੋਮੈਟਿਕ ਦਸਤਾਵੇਜ਼ (ਸਿਫਰ) ਨਾਲ ਸੰਬੰਧਤ ਹੈ। ਕੇਂਦਰੀ ਜਾਂਚ ਏਜੰਸੀ ਨੇ ਦੋਸ਼ ਲਾਇਆ ਸੀ ਕਿ ਇਮਰਾਨ ਨੇ ਉਹ ਵਾਪਸ ਨਹੀਂ ਕੀਤਾ। ਇਮਰਾਨ ਦੀ ਪਾਰਟੀ ਪੀ ਟੀ ਆਈ ਕਹਿੰਦੀ ਰਹੀ ਹੈ ਕਿ ਇਸ ਦਸਤਾਵੇਜ਼ ਵਿਚ ਅਮਰੀਕਾ ਦੀ ਇਮਰਾਨ ਨੂੰ ਸੱਤਾ ਵਿਚ ਲਾਹੁਣ ਦੀ ਧਮਕੀ ਸੀ। ਦੋਸ਼ ਹੈ ਕਿ ਇਮਰਾਨ ਨੇ ਇਹ ਗੁਪਤ ਦਸਤਾਵੇਜ਼ ਇਕ ਰੈਲੀ ਵਿਚ ਲਹਿਰਾਇਆ ਸੀ। ਜੱਜ ਨੇ ਇਮਰਾਨ ਨੂੰ ਪੁੱਛਿਆ ਸੀ ਕਿ ਸਿਫਰ ਕਿੱਥੇ ਹੈ।ਇਮਰਾਨ ਨੇ ਕਿਹਾ ਕਿ ਉਸ ਨੂੰ ਨਹੀਂ ਪਤਾ, ਦਫਤਰ ਵਿਚ ਹੀ ਹੋਵੇਗਾ। ਚੋਣ ਕਮਿਸ਼ਨ ਇਮਰਾਨ ਦੀ ਪਾਰਟੀ ਦਾ ਚੋਣ ਨਿਸ਼ਾਨ ਜ਼ਬਤ ਕਰ ਚੁੱਕਾ ਹੈ ਤੇ ਉਸ ਦੇ ਉਮੀਦਵਾਰ ਵੱਖ-ਵੱਖ ਨਿਸ਼ਾਨਾਂ 'ਤੇ ਚੋਣ ਲੜ ਰਹੇ ਹਨ। ਇਮਰਾਨ ਤੇ ਕੁਰੈਸ਼ੀ ਜੇਲ੍ਹ ਵਿਚ ਹੀ ਹਨ। ਇਮਰਾਨ ਦੀ ਤਾਂ ਉਮੀਦਵਾਰੀ ਵੀ ਰੱਦ ਕੀਤੀ ਜਾ ਚੁੱਕੀ ਹੈ, ਜਦਕਿ ਕੁਰੈਸ਼ੀ ਨੇ ਥਾਰ ਹਲਕੇ ਤੋਂ ਚੋਣ ਲੜਨੀ ਸੀ, ਪਰ ਫੈਸਲੇ ਤੋਂ ਬਾਅਦ ਦੋਨੋਂ ਚੋਣ ਲੜਨ ਦੇ ਅਯੋਗ ਹੋ ਜਾਣਗੇ। ਇਸ ਤੋਂ ਪਹਿਲਾਂ ਤੋਸ਼ਾਖਾਨਾ ਕੇਸ ਵਿਚ 5 ਅਗਸਤ ਨੂੰ ਇਮਰਾਨ ਨੂੰ ਤਿੰਨ ਸਾਲ ਦੀ ਸਜ਼ਾ ਹੋਈ ਸੀ।

ਇਮਰਾਨ ਖਾਨ ਦੀ ਪਾਰਟੀ ਪੀ ਟੀ ਆਈ ਨੇ ਫੈਸਲੇ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਹੈ ਕਿ ਇਹ ਇੱਕ ਭੜਕਾਊ ਮਾਮਲਾ ਹੈ। ਉਹ ਇਸ ਫੈਸਲੇ ਨੂੰ ਹਾਈ ਕੋਰਟ 'ਚ ਚੁਣੌਤੀ ਦੇਵੇਗੀ। ਉਸ ਨੇ ਲੋਕਾਂ ਨੂੰ ਵੱਡੀ ਗਿਣਤੀ ਵਿਚ ਵੋਟਿੰਗ ਦੀ ਅਪੀਲ ਕੀਤੀ ਹੈ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



CANRISE IMMIGRATION
www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141

#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਫਰਾਂਸ ਵਿਚ 70,000 ਤੋਂ ਵੱਧ ਕਿਸਾਨਾਂ ਵੱਲੋਂ ਸਰਕਾਰ ਵਿਰੁੱਧ ਪ੍ਰਦਰਸ਼ਨ



ਪੈਰਿਸ- ਫਰਾਂਸ ਵਿਚ 70,000 ਤੋਂ ਵੱਧ ਕਿਸਾਨਾਂ ਨੇ ਸਰਕਾਰ ਦੀਆਂ ਨੀਤੀਆਂ 'ਤੇ ਅਸੰਤੁਸ਼ਟੀ ਜਤਾਉਂਦੇ ਹੋਏ ਪੂਰੇ ਦੇਸ਼ ਵਿਚ ਸ਼ੁੱਕਰਵਾਰ ਨੂੰ ਵੱਡੇ ਪੈਮਾਨੇ 'ਤੇ ਵਿਰੋਧ ਪ੍ਰਦਰਸ਼ਨ ਕੀਤਾ, ਜਿਸ ਵਿਚ 41,000 ਤੋਂ ਵੱਧ ਟਰੈਕਟਰ ਵੀ ਸ਼ਾਮਲ ਸਨ। ਫਰੈਂਚ ਨੈਸ਼ਨਲ ਫੈਡਰੇਸ਼ਨ ਆਫ ਐਗਰੀਕਲਚਰ ਹੋਲਡਰਜ਼ ਯੂਨੀਅਨਜ਼ (ਐੱਫ.ਐੱਨ.ਐੱਸ.ਈ.ਏ.) ਨੇ ਇਹ ਜਾਣਕਾਰੀ ਦਿੱਤੀ। ਇਸ ਤੋਂ ਪਹਿਲਾਂ ਐੱਫ.ਐੱਨ.ਐੱਸ.ਈ.ਏ. ਦੇ ਪ੍ਰਧਾਨ ਅਰਨੌਡ ਰੂਸੋ ਨੇ ਕਿਹਾ ਸੀ ਕਿ ਪੂਰੇ ਦੇਸ਼ ਵਿਚ ਕਿਸਾਨਾਂ ਦਾ ਵਿਰੋਧ ਪ੍ਰਦਰਸ਼ਨ ਦੇਸ਼ ਦੇ 96 ਵਿੱਚੋਂ 85 ਮਹਾਨਗਰਾਂ ਵਿੱਚ ਫੈਲ ਗਿਆ ਹੈ।

ਬੀ.ਐੱਫ.ਐੱਮ.ਟੀ.ਵੀ. ਨੇ ਦੱਸਿਆ ਕਿ ਟਰੈਕਟਰਾਂ 'ਤੇ ਸਵਾਰ ਕਿਸਾਨਾਂ ਨੇ ਪੈਰਿਸ ਵੱਲ ਜਾਣ ਵਾਲੇ ਕਈ ਮੁੱਖ ਹਾਈਵੇਜ਼ 'ਤੇ ਆਵਾਜਾਈ ਨੂੰ ਰੋਕ ਦਿੱਤਾ। ਇਸ ਤੋਂ ਪਹਿਲਾਂ ਵੀਰਵਾਰ ਤੋਂ ਫਰਾਂਸ ਵਿਚ ਕਿਸਾਨ ਹਾਈਵੇਜ਼ ਜਾਮ ਕਰ ਰਹੇ ਸਨ ਅਤੇ ਦੇਸ਼ ਭਰ ਵਿਚ ਸਰਕਾਰੀ ਭਵਨਾਂ ਦੇ ਸਾਹਮਣੇ ਖਾਦ ਅਤੇ ਕੂੜਾ ਸੁੱਟ ਰਹੇ ਹਨ। ਕਿਸਾਨ ਆਪਣੇ ਪੇਸ਼ੇ ਦੇ ਮਹੱਤਵ ਨੂੰ ਮਾਨਤਾ ਦੇਣ ਦੀ ਮੰਗ ਕਰ ਰਹੇ ਹਨ ਅਤੇ ਸਰਕਾਰ ਦੀ ਖੇਤੀ ਨੀਤੀਆਂ ਦੀ ਵਿਆਪਕ ਤੌਰ 'ਤੇ ਨਿੰਦਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੀ ਕਿਸਾਨ ਵਿਰੋਧੀ ਨੀਤੀਆਂ ਉਨ੍ਹਾਂ ਨੂੰ ਮੁਕਾਬਲੇ ਤੋਂ ਅਯੋਗ ਬਣਾਉਂਦੀਆਂ ਹਨ।

## ਕਿਸਾਨਾਂ ਨੂੰ ਸ਼ਾਂਤ ਕਰਨ ਲਈ ਫਰਾਂਸ ਚੁੱਕੇਗਾ ਨਵੇਂ ਕਦਮ

ਰਾਜਧਾਨੀ ਪੈਰਿਸ ਦੁਆਲੇ ਇਕੱਠੇ ਹੋਏ ਮੁਜ਼ਾਹਰਾਕਾਰੀ ਕਿਸਾਨਾਂ ਨਾਲ ਨਜਿੱਠਣ ਲਈ ਫਰਾਂਸ ਸਰਕਾਰ ਨੇ ਨਵੇਂ ਕਦਮ ਚੁੱਕੇ ਹਨ। ਫਰਾਂਸ ਸਰਕਾਰ ਨੇ ਕਿਸਾਨਾਂ ਨੂੰ ਸ਼ਾਂਤ ਕਰਨ ਲਈ ਹੋਰ ਰਿਆਇਤਾਂ ਦੇਣ ਦਾ ਐਲਾਨ ਕੀਤਾ ਹੈ। ਜ਼ਿਕਰਯੋਗ ਹੈ ਕਿ ਕਿਸਾਨ ਸ਼ਿਕਾਇਤ ਕਰ ਰਹੇ ਹਨ ਕਿ ਫਸਲ ਉਗਾਉਣਾ ਤੇ ਪਾਲਣਾ ਬਹੁਤ ਮੁਸ਼ਕਲ ਹੁੰਦਾ ਜਾ ਰਿਹਾ ਹੈ ਤੇ ਲਾਹੇਵੰਦ ਨਹੀਂ ਹੈ। ਸਰਕਾਰ ਦੀਆਂ ਤਰਜੀਹਾਂ ਬਾਰੇ ਨਵੇਂ ਪ੍ਰਧਾਨ ਮੰਤਰੀ ਗੈਬਰੀਅਲ ਐੱਟਲ ਸੰਸਦ ਦੇ ਹੇਠਲੇ ਸਦਨ ਵਿਚ ਦੱਸਣਗੇ। ਦੱਸਣਯੋਗ ਹੈ ਕਿ ਫਰਾਂਸ ਵਿਚ ਕਿਸਾਨਾਂ ਦਾ ਰੋਸ ਮੁਜ਼ਾਹਰਾ ਸਰਕਾਰ ਲਈ ਸਿਰਦਰਦੀ ਬਣ ਗਿਆ ਹੈ। ਕਿਸਾਨ ਵੱਧ ਖਰੀਦ ਕੀਮਤਾਂ, ਘੱਟ ਪਾਬੰਦੀਆਂ ਤੇ ਲਾਗਤ ਖਰਚੇ ਘਟਾਉਣ ਦੀ ਮੰਗ ਕਰ ਰਹੇ ਹਨ। ਪਿਛਲੇ ਹਫ਼ਤੇ ਸਰਕਾਰ ਵੱਲੋਂ ਚੁੱਕੇ ਕਦਮਾਂ ਨੂੰ ਕਿਸਾਨਾਂ ਨੇ ਨਾਕਾਫੀ ਕਰਾਰ ਦਿੱਤਾ ਸੀ। ਸਰਕਾਰ ਨੇ ਵਾਅਦਾ ਕੀਤਾ ਸੀ ਕਿ ਉਹ ਮੰਗਲਵਾਰ ਨੂੰ ਹੋਰ ਐਲਾਨ ਕਰੇਗੀ। ਕਿਸਾਨਾਂ ਨੇ ਪੈਰਿਸ ਨੂੰ ਚੁਫੇਰਿਓਂ ਘੇਰਿਆ ਹੋਇਆ ਹੈ। ਸੈਂਕੜੇ ਟਰੈਕਟਰਾਂ ਨੇ ਸੜਕਾਂ ਉਤੇ ਘਾਹ-ਫੂਸ ਸੁੱਟ ਕੇ ਪੈਰਿਸ ਵਾਲੇ ਜਾਂਦੇ ਰਾਜਮਾਰਗ ਬੰਦ ਕਰ ਦਿੱਤੇ ਹਨ। ਮੁਜ਼ਾਹਰਾਕਾਰੀ ਕਿਸਾਨ ਲੰਮੇ ਸੰਘਰਸ਼ ਦੀ ਤਿਆਰੀ ਕਰ ਰਹੇ ਹਨ। ਉਨ੍ਹਾਂ ਟੈਂਟ ਲਾ ਲਏ ਹਨ ਤੇ ਉਨ੍ਹਾਂ ਕੋਲ ਖਾਣ-ਪੀਣ ਦਾ ਵੀ ਵਾਧੂ ਪ੍ਰਬੰਧ ਹੈ। ਸਰਕਾਰ ਨੇ ਪੈਰਿਸ ਖੇਤਰ ਵਿਚ 15,000 ਪੁਲੀਸ ਕਰਮੀ ਤਾਇਨਾਤ ਕੀਤੇ ਹਨ ਤਾਂ ਕਿ ਮੁਜ਼ਾਹਰਾਕਾਰੀ ਰਾਜਧਾਨੀ ਵਿਚ ਦਾਖਲ ਨਾ ਹੋ ਸਕਣ। ਗੁਆਂਢੀ ਮੁਲਕ ਬੈਲਜੀਅਮ ਵਿਚ ਵੀ ਕਿਸਾਨਾਂ ਨੇ ਸੰਘਰਸ਼ ਦਾ ਝੰਡਾ ਚੁੱਕ ਲਿਆ ਹੈ।

ਉਨ੍ਹਾਂ ਰਾਜਧਾਨੀ ਬਰੱਸਲਜ਼ ਵੱਲ ਜਾਂਦੇ ਕੁਝ ਮੁੱਖ ਮਾਰਗਾਂ ਸਣੇ ਹੋਰ ਸੜਕਾਂ 'ਤੇ ਬੈਰੀਕੇਡ ਲਾ ਦਿੱਤੇ ਹਨ ਤੇ ਟਰੈਫਿਕ ਰੋਕ ਦਿੱਤੀ ਹੈ। ਫਰਾਂਸ ਵਿਚ ਉੱਠਿਆ ਸੰਘਰਸ਼ ਆਲਮੀ ਖ਼ੁਰਾਕ ਸੰਕਟ ਦਾ ਹੀ ਇਕ ਹੋਰ ਰੂਪ ਹੈ ਜਿਸ ਨੂੰ ਯੂਕਰੇਨ 'ਤੇ ਰੂਸ ਦੇ ਹਮਲੇ ਨੂੰ ਹੋਰ ਡੂੰਘਾ ਕਰ ਦਿੱਤਾ ਹੈ। ਫਰਾਂਸੀਸੀ ਕਿਸਾਨਾਂ ਦਾ ਕਹਿਣਾ ਹੈ ਖਾਦਾਂ ਤੇ ਊਰਜਾ ਦੀਆਂ ਕੀਮਤਾਂ ਅਤੇ ਹੋਰ ਲਾਗਤ ਖ਼ਰਚਿਆਂ ਦੇ ਵਧਣ ਕਾਰਨ ਫਸਲਾਂ ਪਾਲਣਾ ਔਖਾ ਹੋ ਗਿਆ ਹੈ। ਇਸ ਤੋਂ ਇਲਾਵਾ ਪਸ਼ੂਆਂ ਨੂੰ ਪਾਲਣ ਵਿਚ ਵੀ ਮੁਸ਼ਕਲ ਆ ਰਹੀ ਹੈ।


ਲਰਨਿੰਗ ਲਾਇਸੈਂਸ

A to Z DRIVING SCHOOL

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ








ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL

Lucky: 604-614-5365

Unit 15 - 8388 128 St., Surrey



ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

ਇਸ ਹਫਤੇ ਦੇ ਪ੍ਰੋਗਰਾਮ

*1 ਫਰਵਰੀ ਦਿਨ ਵੀਰਵਾਰ ਭਾਈ ਸ਼ਵਿੰਦਰ ਸਿੰਘ ਅਤੇ ਬਲਜਿੰਦਰ ਕੌਰ ਸੰਧੂ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਤੇ ਭੋਗ 3 ਫਰਵਰੀ ਦਿਨ ਸ਼ਨਿਚਰਵਾਰ ਨੂੰ ਪਾਏ ਜਾਣਗੇ।


*2 ਫਰਵਰੀ ਦਿਨ ਸ਼ੁੱਕਰਵਾਰ ਬੀਬੀ ਗੁਰਜੀਤ ਕੌਰ ਦੇ ਸਮੂਹ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ।

*3 ਫਰਵਰੀ ਦਿਨ ਸ਼ਨਿਚਰਵਾਰ ਸ਼ਾਮ 6 ਵਜੇ ਤੋਂ ਰਾਤ 12 ਵਜੇ ਤੱਕ ਰੈਣ ਸਬਾਈ ਕੀਰਤਨ ਦਰਬਾਰ ਹੋਵੇਗਾ ਜਿਸ ਵਿਚ ਪੰਥ ਪ੍ਰਸਿੱਧ ਕੀਰਤਨੀ ਜਥੇ ਪਹੁੰਚ ਰਹੇ ਹਨ।

*3 ਫਰਵਰੀ ਦਿਨ ਸ਼ਨਿਚਰਵਾਰ ਸ਼ਾਮ ਨੂੰ ਸੁਖਮਨੀ ਸਾਹਿਬ ਦੇ ਪਾਠ, ਲੰਗਰ ਅਤੇ ਕੀਰਤਨ ਦੀ ਸੇਵਾ ਭਾਈ ਮਨਜੀਤ ਸਿੰਘ ਸੋਹਲ ਪਰਿਵਾਰ ਵੱਲੋਂ ਹੋਵੇਗੀ

*4 ਫਰਵਰੀ ਦਿਨ ਐਤਵਾਰ ਚੱਲ ਰਹੇ ਅਖੰਡਪਾਠ ਸਾਹਿਬਾਂ ਦੀ ਲੜੀ ਦੇ ਭੋਗ ਪੈਣਗੇ ਅਤੇ ਸਾਰਾ ਦਿਨ ਵਿਸ਼ੇਸ਼ ਗੁਰਮਤਿ ਸਮਾਗਮ ਹੋਣਗੇ।



ਰੋਜਾਨਾ ਦੇ ਪ੍ਰੋਗਰਾਮ

ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

ਰਾਗੀ ਜੱਥੇ
ਭਾਈ ਕੁਲਦੀਪ ਸਿੰਘ ਰਸੀਲਾ

ਕਥਾਵਾਚਕ
ਭਾਈ ਜਸਵੀਰ ਸਿੰਘ ਖੜਗ

ਤਬਲਾ ਸਿੱਖਣ ਲਈ ਸੰਪਰਕ ਕਰੋ:
604-413-7171

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171

ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007

# ਜੇਕਰ ਕਾਂਗਰਸ ਇਜਾਜ਼ਤ ਦੇਵੇ ਤਾਂ ਤੁਰੰਤ ਬੰਦ ਕੀਤਾ ਜਾਵੇਗਾ ਮੈਕਸੀਕੋ ਬਾਰਡਰ:ਬਾਇਡਨ



ਸੈਕਰਾਮੈਂਟੋ- ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਜਾਰੀ ਇਕ ਬਿਆਨ ਵਿਚ ਐਲਾਨ ਕੀਤਾ ਹੈ ਕਿ ਜੇਕਰ ਕਾਂਗਰਸ ਤਜਵੀਜ਼ ਨੂੰ ਪ੍ਰਵਾਨਗੀ ਦੇਵੇ, ਤਾਂ ਯੂ.ਐੱਸ.-ਮੈਕਸੀਕੋ ਬਾਰਡਰ ਬੰਦ ਕਰਨ ਲਈ ਤੁਰੰਤ ਕਾਰਵਾਈ ਕੀਤੀ ਜਾਵੇਗੀ।

ਰਾਸ਼ਟਰਪਤੀ ਨੇ ਕਿਹਾ ਕਿ ਸੈਨੇਟ 'ਚ ਬਾਰਡਰ ਸੁਰੱਖਿਆ ਸਬੰਧੀ ਉਚਿਤ ਸੁਧਾਰਾਂ ਬਾਰੇ ਵਿਚਾਰ-ਵਟਾਂਦਰਾ ਹੋਣਾ ਚਾਹੀਦਾ ਹੈ ਤੇ ਜੇਕਰ ਸੰਸਦ ਮੈਂਬਰ ਬਾਰਡਰ ਸੰਕਟ ਪ੍ਰਤੀ ਗੰਭੀਰ ਹਨ, ਤਾਂ ਉਹ ਬਿਨਾਂ ਕਿਸੇ ਪਾਰਟੀਬਾਜ਼ੀ ਦੇ ਇਕ ਬਿੱਲ ਉਪਰ ਮੋਹਰ ਲਾ ਦੇਣ, ਜੋ ਬਿੱਲ ਉਨ੍ਹਾਂ ਨੂੰ ਬਾਰਡਰ ਬੰਦ ਕਰਨ ਦਾ ਅਧਿਕਾਰ ਦਿੰਦਾ ਹੋਵੇ। ਉਨ੍ਹਾਂ ਕਿਹਾ ਕਿ ਜਿਸ ਦਿਨ ਕਾਂਗਰਸ ਮੈਨੂੰ ਇਹ ਅਧਿਕਾਰ ਦੇ ਦੇਵੇਗੀ, ਮੈਂ ਉਸ ਦਿਨ ਹੀ ਬਿੱਲ ਉਪਰ ਦਸਤਖਤ ਕਰ ਦੇਵਾਂਗਾ ਤੇ ਯੂ.ਐੱਸ. ਮੈਕਸੀਕੋ ਬਾਰਡਰ ਬੰਦ ਕਰਨ ਲਈ ਕਾਰਵਾਈ ਸ਼ੁਰੂ ਹੋ ਜਾਵੇਗੀ। ਦੂਸਰੇ ਪਾਸੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਜੋ 2024 ਦੀਆਂ ਚੋਣਾਂ ਵਿਚ ਰਿਪਬਲੀਕਨ ਪਾਰਟੀ ਦੇ ਸੰਭਾਵੀ ਉਮੀਦਵਾਰ ਹਨ, ਨੇ ਬਾਰਡਰ ਸਬੰਧੀ ਤਜਵੀਜ਼ ਦਾ ਆਪਣੇ ਸੋਸ਼ਲ ਮੀਡੀਆ ਵੈੱਬਸਾਈਟ ਟਰੁੱਥ ਉਪਰ ਪਾਈ ਇਕ ਪੋਸਟ ਵਿਚ ਜ਼ਬਰਦਸਤ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਹੈ "ਘਟੀਆ ਬਾਰਡਰ ਸਮਝੌਤਾ ਬਾਰਡਰ ਸਮਝੌਤਾ ਨਾ ਹੋਣ ਨਾਲੋਂ ਜਿਆਦਾ ਖਤਰਨਾਕ ਹੈ।"

ਪ੍ਰਵਾਸੀਆਂ ਦੀ ਰਿਕਾਰਡ ਆਮਦ ਦਰਮਿਆਨ ਪਿਛਲੇ ਹਫਤੇ ਬਾਇਡਨ ਨੇ ਕਿਹਾ ਸੀ ਕਿ ਬਾਰਡਰ ਸੁਰੱਖਿਅਤ ਨਹੀਂ ਹਨ।

ਉਨ੍ਹਾਂ ਨੇ ਸਮੱਸਿਆ ਦੇ ਹੱਲ ਲਈ ਸ਼ਰਨ ਪ੍ਰਣਾਲੀ ਸਬੰਧੀ ਅਹਿਮ ਨੀਤੀਗਤ ਤਬਦੀਲੀਆਂ ਦਾ ਸੱਦਾ ਦਿੱਤਾ ਸੀ। ਰਾਜਸੀ ਵਿਸ਼ਲੇਸ਼ਣਕਾਰਾਂ ਦਾ ਮੰਨਣਾ ਹੈ ਕਿ ਟਰੰਪ ਦੇ ਵਿਰੋਧ ਕਾਰਨ ਬਾਇਡਨ ਦੀ ਯੂ.ਐੱਸ.-ਮੈਕਸੀਕੋ ਸਰਹੱਦ ਤਜਵੀਜ਼ ਸਿਰੇ ਲੱਗਣ ਦੀ ਕੋਈ ਸੰਭਾਵਨਾ ਨਹੀਂ ਹੈ। ਸੈਨੇਟ ਘੱਟ ਗਿਣਤੀ ਲੀਡਰ ਮਿਚ ਮੈਕੋਨਲ ਨੇ ਹੋਰ ਰਿਪਬਲੀਕਨ ਸੈਨੇਟ ਮੈਂਬਰਾਂ ਨਾਲ ਨਿੱਜੀ ਗੱਲਬਾਤ ਦੌਰਾਨ ਕਿਹਾ ਹੈ ਕਿ ਸਾਬਕਾ ਰਾਸ਼ਟਰਪਤੀ ਟਰੰਪ ਦੇ ਵਿਰੋਧ ਕਾਰਨ ਰਿਪਬਲੀਕਨ ਪਾਰਟੀ ਜੱਕੋਤੱਕੀ ਦੀ ਹਾਲਤ ਵਿਚ ਹੈ।

ਬਹੁਤ ਸਾਰੇ ਪਾਰਟੀ ਮੈਂਬਰਾਂ ਦਾ ਮੰਨਣਾ ਹੈ ਕਿ ਬਾਰਡਰ ਸਮਝੌਤਾ ਨਾ ਹੋਣ ਦੀ ਹਾਲਤ ਵਿਚ ਬਾਇਡਨ ਦੱਖਣੀ ਬਾਰਡਰ ਰਾਹੀਂ ਪ੍ਰਵਾਸੀਆਂ ਦੀ ਆਮਦ ਰੋਕਣ ਨੂੰ ਲੈ ਕੇ ਜਿੱਤ ਦਾ ਦਾਅਵਾ ਨਹੀਂ ਕਰ ਸਕਣਗੇ।

## ਮਾਣਹਾਨੀ ਦੇ ਮਾਮਲੇ ਵਿਚ ਟਰੰਪ ਨੂੰ ਦੇਣਾ ਪਵੇਗਾ 83.3 ਮਿਲੀਅਨ ਡਾਲਰ ਦਾ ਮੁਆਵਜ਼ਾ



ਕੈਲੀਫੋਰਨੀਆ -ਇਕ ਸੰਘੀ ਜਿਊਰੀ ਵੱਲੋਂ ਇਕ ਮਾਣਹਾਨੀ ਮਾਮਲੇ ਵਿਚ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ 83 ਮਿਲੀਅਨ ਡਾਲਰ ਤੋਂ ਵਧ ਮੁਆਵਜ਼ਾ ਕਾਲਮਨਵੀਸ ਈ ਜੀਨ ਕੈਰੋਲ ਨੂੰ ਦੇਣ ਦੇ ਆਦੇਸ਼ ਜਾਰੀ ਕਰਨ ਦੀ ਖਬਰ ਹੈ। ਜਿਊਰੀ ਨੇ ਕਿਹਾ ਕਿ 2019 ਵਿਚ ਮੈਨਹਟਨ ਡਿਪਾਰਟਮੈਂਟ ਸਟੋਰ ਵਿਚ ਸਰੀਰਕ ਸ਼ੋਸ਼ਣ ਕਰਨ ਦੇ ਕੈਰੋਲ ਵੱਲੋਂ ਲਾਏ ਦੋਸ਼ਾਂ ਤੋਂ ਇਨਕਾਰ ਕਰਕੇ ਸਾਬਕਾ ਰਾਸ਼ਟਰਪਤੀ ਨੇ ਝੂਠੇ ਦੋਸ਼ਾਂ ਦਾ ਸਹਾਰਾ ਲਿਆ ਹੈ ਤੇ ਸਾਬਕਾ ਰਾਸ਼ਟਰਪਤੀ ਨੇ ਸ਼ੋਸਲ ਮੀਡੀਆ ਉਪਰ ਨਿਰੰਤਰ ਕੈਰੋਲ ਨੂੰ ਨਿਸ਼ਾਨਾ ਬਣਾਇਆ ਹੈ। ਸੁਣਵਾਈ ਦੌਰਾਨ ਕੈਰੋਲ ਦੇ ਵਕੀਲਾਂ ਨੇ 9 ਮੈਂਬਰ ਜਿਊਰੀ ਨੂੰ ਕਿਹਾ ਕਿ ਉਹ ਸਾਬਕਾ ਰਾਸ਼ਟਰਪਤੀ ਨੂੰ ਮਿਸਾਲੀ ਵਿੱਤੀ ਸਜ਼ਾ ਦੇਵੇ। ਜਿਊਰੀ ਨੇ ਵਕੀਲਾਂ ਨੂੰ ਨਿਰਾਸ਼ ਨਹੀਂ ਕੀਤਾ ਤੇ 3 ਘੰਟਿਆਂ ਦੀ ਸੁਣਵਾਈ ਉਪਰੰਤ ਸਾਬਕਾ ਰਾਸ਼ਟਰਪਤੀ ਨੂੰ ਆਦੇਸ਼ ਦਿੱਤਾ ਕਿ ਉਹ ਹਰ ਹਾਲਤ ਵਿਚ 83.3 ਮਿਲੀਅਨ ਡਾਲਰ ਕੈਰੋਲ ਨੂੰ ਦੇਵੇ। ਟਰੰਪ ਜੋ ਫੈਸਲਾ ਸੁਣਾਉਣ ਤੋਂ ਪਹਿਲਾਂ ਹੀ ਮੈਨਹਟਨ ਅਦਾਲਤ ਵਿਚੋਂ ਚਲੇ ਗਏ ਸਨ, ਨੇ ਸ਼ੋਸਲ ਮੀਡਆ ਉਪਰ ਕਿਹਾ ਹੈ ਕਿ ਉਹ ਜਿਊਰੀ ਦੇ ਫੈਸਲੇ ਨੂੰ ਚੁਣੌਤੀ ਦੇਣਗੇ ਕਿਉਂਕਿ ਉਹ ਫੈਸਲੇ ਨਾਲ ਪੂਰੀ ਤਰਾਂ ਅਸਹਿਮਤ ਹਨ। ਸਾਬਕਾ ਰਾਸ਼ਟਰਪਤੀ ਨੇ ਕਿਹਾ ਕਿ ਇਹ ਸਾਰਾ ਕੁਝ ਮੈਨੂੰ ਤੇ ਰਿਪਬਲੀਕਨ ਪਾਰਟੀ ਨੂੰ ਰਾਸ਼ਟਰਪਤੀ ਬਾਈਡਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਦਨਾਮ ਕਰਨ ਦੀ ਚਾਲ ਹੈ। ਜਦੋਂ ਫੈਸਲਾ ਸੁਣਾਇਆ ਗਿਆ ਤਾਂ ਕੈਰੋਲ ਅਦਾਲਤ ਵਿਚ ਮੌਜੂਦ ਸੀ। ਉਹ ਮੁਸਕਰਾਈ ਤੇ ਉਸ ਨੇ ਫੈਸਲੇ ਦਾ ਸਵਾਗਤ ਕੀਤਾ। ਉਸ ਨੇ ਕਿਹਾ ਇਹ ਉਸ ਹਰ ਔਰਤ ਦੀ ਜਿੱਤ ਹੈ ਜੋ ਆਪਣੇ ਨਾਲ ਹੋਈ ਵਧੀਕੀ ਵਿਰੁੱਧ ਖੜੀ ਹੋਈ ਹੈ।

ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY

SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711

Harmanpreet Kaur
Punjabi Singer
ਵਿਆਹ ਸ਼ਾਦੀ, ਲੇਡੀਜ਼ ਸੰਗੀਤ
ਜਾਗੋ, ਮਾਈਆਂ,
ਘੋੜੀਆਂ, ਸੁਹਾਗ,
ਪੰਜਾਬੀ ਮੇਲਾ, ਸ਼ੋਅ ਆਦਿ ਦੀ
ਬੁਕਿੰਗ ਲਈ ਸੰਪਰਕ ਕਰੋ
Winner of Awaaz Punjabi
Voice of Punjab
India Got Talent
BEST IN PUNJAB FOLK SONGS



Ph:236-881-1276
Email:meriawaaz.music@gmail.com
YouTube harmanpreetofficial

# ਨਿੱਝਰ ਕਤਲ ਕੇਸ ’ਚ ਭਾਰਤ ਦਾ ਸਮਰਥਨ:ਕੈਨੇਡਾ ਦੇ ਅਧਿਕਾਰੀ ਨੇ ਪਹਿਲੀ ਵਾਰ ਕੀਤਾ ਖੁੱਲ੍ਹ ਕੇ ਦਾਅਵਾ



ਔਟਵਾ-ਕੈਨੇਡਾ ਦੇ ਸਾਬਕਾ ਰਾਸ਼ਟਰੀ ਸੁਰੱਖਿਆ ਸਲਾਹਕਾਰ ਨੇ ਕਿਹਾ ਹੈ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਇੱਕ ਸਿੱਖ ਨੇਤਾ ਦੇ ਕਤਲ ਦੀ ਚੱਲ ਰਹੀ ਜਾਂਚ ਵਿੱਚ ਭਾਰਤ ਹੁਣ ਕੈਨੇਡਾ ਨਾਲ ਸਹਿਯੋਗ ਕਰ ਰਿਹਾ ਹੈ। ਨਾਲ ਹੀ, ਉਸਨੇ ਕਿਹਾ ਕਿ ਇਸ ਮੁੱਦੇ ’ਤੇ ਮਹੀਨਿਆਂ ਦੇ ਤਣਾਅ ਤੋਂ ਬਾਅਦ ਦੁਵੱਲੇ ਸਬੰਧਾਂ ਵਿੱਚ ਸੁਧਾਰ ਹੋ ਰਿਹਾ ਹੈ। ਕੈਨੇਡਾ ਦੇ ਸਾਬਕਾ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੋਡੀ ਥਾਮਸ ਨੇ ਸ਼ੁੱਕਰਵਾਰ ਨੂੰ ਇਕ ਇੰਟਰਵਿਊ ਦੌਰਾਨ ਇਹ ਗੱਲ ਕਹੀ। ਉਨ੍ਹਾਂ ਕਿਹਾ ਕਿ ਭਾਰਤ ਹੁਣ ਪਿਛਲੇ ਸਾਲ ਜੂਨ ਵਿੱਚ ਕੈਨੇਡਾ ਦੇ ਸ਼ਹਿਰ ਸਰੀ ਵਿੱਚ ਖਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੀ ਚੱਲ ਰਹੀ ਜਾਂਚ ਵਿੱਚ ਸਹਿਯੋਗ ਕਰ ਰਿਹਾ ਹੈ। ਇਹ ਪਹਿਲੀ ਵਾਰ ਹੈ ਜਦੋਂ ਕਿਸੇ ਕੈਨੇਡੀਅਨ ਅਧਿਕਾਰੀ ਨੇ ਇਹ ਸਵੀਕਾਰ ਕੀਤਾ ਹੈ ਕਿ ਨਿੱਝਰ ਦੀ ਹੱਤਿਆ ਨੂੰ ਲੈ ਕੇ ਤਣਾਅ ਦਰਮਿਆਨ ਕੈਨੇਡਾ ਵੱਲੋਂ ਭਾਰਤ ’ਤੇ ਅਸਹਿਯੋਗ ਦੇ ਦੋਸ਼ ਲਾਏ ਜਾਣ ਤੋਂ ਬਾਅਦ ਭਾਰਤ ਨੇ ਚੀਜ਼ਾਂ ਨੂੰ ਵਧਾ ਦਿੱਤਾ ਹੈ। ਪਿਛਲੇ ਸਾਲ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇਸ ਕਤਲ ਵਿੱਚ ਭਾਰਤ ਦੀ ਸ਼ਮੂਲੀਅਤ ਦੇ ਸ਼ੱਕੀ ਦੋਸ਼ਾਂ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਕੁਝ ਖਟਾਸ ਆਈ ਸੀ। ਭਾਰਤ ਨੇ ਇਸ ਇਲਜ਼ਾਮ ਨੂੰ ਬੇਤੁਕਾ ਅਤੇ ਪ੍ਰੇਰਿਤ ਦੱਸਦੇ ਹੋਏ ਇਸ ਦਾ ਖੰਡਨ ਕੀਤਾ ਸੀ। ਫਿਲਹਾਲ 26 ਜਨਵਰੀ ਨੂੰ ਸੇਵਾਮੁਕਤ ਹੋਏ ਥਾਮਸ ਦੀ ਟਿੱਪਣੀ ’ਤੇ ਭਾਰਤ ਸਰਕਾਰ ਵੱਲੋਂ ਕੋਈ ਅਧਿਕਾਰਤ ਪ੍ਰਤੀਕਿਰਿਆ ਨਹੀਂ ਆਈ ਹੈ। ਭਾਰਤ ਨੇ ਕਿਹਾ ਹੈ ਕਿ ਕੈਨੇਡਾ ਨੇ ਆਪਣੇ ਦਾਅਵੇ ਦੇ ਸਮਰਥਨ ਲਈ ਕਦੇ ਵੀ ਕੋਈ ਸਬੂਤ ਜਾਂ ਜਾਣਕਾਰੀ ਸਾਂਝੀ ਨਹੀਂ ਕੀਤੀ ਕਿ ਨਿੱਝਰ ਦੀ ਹੱਤਿਆ ਵਿੱਚ ਭਾਰਤੀ ਏਜੰਟ ਸ਼ਾਮਲ ਸਨ। ਥਾਮਸ ਨੇ ਕਿਹਾ, “ਮੈਂ ਉਸ ਨੂੰ ਅਸਹਿਯੋਗੀ ਨਹੀਂ ਦੱਸਾਂਗਾ। ਥਾਮਸ ਨੇ ਓਟਾਵਾ ਅਤੇ ਨਵੀਂ ਦਿੱਲੀ ਵਿਚਕਾਰ ਬਦਲਦੇ ਸਬੰਧਾਂ ਨੂੰ ਇੱਕ ਵਿਕਾਸ ਦੱਸਿਆ ਅਤੇ ਕਿਹਾ ਕਿ ਕੈਨੇਡਾ ਨੇ ਇਸ ਸਬੰਧ ਵਿੱਚ ਤਰੱਕੀ ਕੀਤੀ ਹੈ। ਸਮਾਚਾਰ ਏਜੰਸੀ ਪੀਟੀਆਈ ਦੇ ਅਨੁਸਾਰ ਥਾਮਸ ਨੇ ਕਿਹਾ, ‘‘ਭਾਰਤ ਵਿੱਚ ਮੇਰੇ ਹਮਰੁਤਬਾ ਨਾਲ ਮੇਰੀ ਗੱਲਬਾਤ ਫਲਦਾਇਕ ਰਹੀ ਹੈ ਅਤੇ ਮੈਨੂੰ ਲੱਗਦਾ ਹੈ ਕਿ ਉਨ੍ਹਾਂ ਨੇ ਚੀਜ਼ਾਂ ਨੂੰ ਅੱਗੇ ਵਧਾਇਆ ਹੈ।’’

ਇੰਡੋ-ਪੈਸੀਫਿਕ ਵਿੱਚ ਕੰਮ ਕਰਨ ਦੀ ਕੈਨੇਡਾ ਦੀ ਸਮਰੱਥਾ ਭਾਰਤ ਨਾਲ ਉਸਦੇ ਸਬੰਧਾਂ ’ਤੇ ਨਿਰਭਰ ਕਰਦੀ ਹੈ। “ਮੈਨੂੰ ਲਗਦਾ ਹੈ ਕਿ ਅਸੀਂ ਉਸ ਦਿਸ਼ਾ ਵਿੱਚ ਵਾਪਸ ਕੰਮ ਕਰ ਰਹੇ ਹਾਂ,”ਉਸਨੇ ਕਿਹਾ। ਇਹ ਜਾਣਿਆ ਜਾਂਦਾ ਹੈ ਕਿ ਜੋਡੀ ਥਾਮਸ ਨੂੰ ਜਨਵਰੀ 2022 ਵਿੱਚ ਪ੍ਰਧਾਨ ਮੰਤਰੀ ਦੇ ਰਾਸ਼ਟਰੀ ਸੁਰੱਖਿਆ ਅਤੇ ਖੁਫੀਆ ਸਲਾਹਕਾਰ ਦੀ ਭੂਮਿਕਾ ਲਈ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਨੇ ਇਕ ਹੋਰ ਇੰਟਰਵਿਊ ਵਿਚ ਕਿਹਾ ਕਿ ਕੈਨੇਡਾ ਮਹੀਨਿਆਂ ਦੇ ਤਣਾਅਪੂਰਨ ਸਬੰਧਾਂ ਤੋਂ ਬਾਅਦ ਭਾਰਤ ਨਾਲ ਬਿਹਤਰ ਸਬੰਧ ਬਣਾਉਣ ਲਈ ਕੰਮ ਕਰ ਰਿਹਾ ਹੈ।

ਅਕਤੂਬਰ ਵਿੱਚ, 41 ਕੈਨੇਡੀਅਨ ਡਿਪਲੋਮੈਟਾਂ ਨੇ ਭਾਰਤ ਛੱਡ ਦਿੱਤਾ ਜਦੋਂ ਭਾਰਤ ਨੇ ਉਨ੍ਹਾਂ ਦੀ ਕੂਟਨੀਤਕ ਛੋਟ ਨੂੰ ਰੱਦ ਕਰਨ ਦੀ ਧਮਕੀ ਦਿੱਤੀ ਸੀ। ਉਹ ਡਿਪਲੋਮੈਟ ਵਾਪਸ ਨਹੀਂ ਆਏ ਹਨ। ਥਾਮਸ, ਜੋ ਦੋਸ਼ਾਂ ’ਤੇ ਚਰਚਾ ਕਰਨ ਲਈ ਕਈ ਵਾਰ ਭਾਰਤ ਦਾ ਦੌਰਾ ਕਰ ਚੁੱਕੇ ਹਨ, ਨੇ ਕਿਹਾ ਕਿ ਭਾਰਤੀ ਅਧਿਕਾਰੀਆਂ ਦੀ ਪ੍ਰਤੀਕਿਰਿਆ ਸੱਚਮੁੱਚ ਮੰਦਭਾਗੀ ਅਤੇ ਥੋੜ੍ਹੀ ਹੈਰਾਨੀਜਨਕ ਸੀ।


GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750

ਮਨ ਮਨੁੱਖ ਦੀ ਕੁੰਜੀ ਹੈ
Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases





"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

TMG LOGISTICS INC.
Need Owner Operators
*Vancouver to California *California to Alberta Back Vancouver
*Vancouver to East USA Return
NOW HIRING
Good Paying Loads





Need Company Drivers
Single Driver Pay 52cents/mile
Team Drivers 32 cents/mile
FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# ਭਾਸ਼ਾ ਦੀ ਭੂਮਿਕਾ ਅਤੇ ਜੀਵਨ ਵਿਕਾਸ

ਮਨੁੱਖ ਇਕ ਸਮਾਜਕ ਪ੍ਰਾਣੀ ਹੈ। ਸਮਾਜ ਵਿਚ ਰਹਿੰਦਿਆਂ ਉਸ ਨੂੰ ਅਪਣੀਆਂ ਖ਼ੁਸ਼ੀਆਂ-ਗ਼ਮੀਆਂ, ਦੁੱਖ-ਸੁੱਖ, ਇਕ ਦੂਜੇ ਨਾਲ ਸਾਂਝੇ ਕਰਨੇ ਪੈਂਦੇ ਹਨ। ਇਹ ਸਭ ਬੋਲੀ ਜਾਂ ਭਾਸ਼ਾ ਦੁਆਰਾ ਹੀ ਸੰਭਵ ਹੁੰਦਾ ਹੈ। ਸੰਸਾਰ ਦੇ ਸਾਰੇ ਜੀਵਾਂ ਵਿਚੋਂ ਮਨੁੱਖ ਨੂੰ ਭਾਸ਼ਾ ਨੇ ਵਖਰਾ ਤੇ ਉੱਤਮ ਜੀਵ ਬਣਾਇਆ ਹੈ। ਭਾਸ਼ਾ ਆਪਸੀ ਸੰਪਰਕ ਦਾ ਇਕ ਅਹਿਮ ਹਿੱਸਾ ਹੈ। ਹਾਲਾਂਕਿ ਸਾਰੀਆਂ ਜਾਤੀਆਂ ਦੇ ਸੰਚਾਰ ਕਰਨ ਦੇ ਅਪਣੇ ਅਪਣੇ ਤਰੀਕੇ ਹਨ।

ਕੇਵਲ ਮਨੁੱਖ ਹੀ ਹਨ ਜਿਨ੍ਹਾਂ ਨੂੰ ਬੋਧਾਤਮਕ ਭਾਸ਼ਾ ਸੰਚਾਰ ਵਿਚ ਮੁਹਾਰਤ ਹਾਸਲ ਹੈ। ਭਾਸ਼ਾ ਸਾਨੂੰ ਅਪਣੇ ਵਿਚਾਰਾਂ ਅਤੇ ਭਾਵਨਾਵਾਂ ਨੂੰ ਦੂਜਿਆਂ ਨਾਲ ਸਾਂਝਾ ਕਰਨ ਦੀ ਇਜ਼ਾਜਤ ਦਿੰਦੀ ਹੈ। ਭਾਸ਼ਾ ਦੀ ਮਹੱਤਤਾ ਨੂੰ ਇਸ ਤੱਥ ਤੋਂ ਵੀ ਵੇਖਿਆ ਜਾ ਸਕਦਾ ਹੈ ਕਿ ਭਾਸ਼ਾਵਾਂ ਦੀ ਮਦਦ ਨਾਲ ਵਿਅਕਤੀ ਅਪਣੇ ਵਿਚਾਰਾਂ ਅਤੇ ਭਾਵਨਾਵਾਂ ਨੂੰ ਸਾਂਝਾ ਕਰ ਸਕਦਾ ਹੈ। ਭਾਸ਼ਾਵਾਂ ਸਮਾਜ ਦਾ ਨਿਰਮਾਣ ਕਰ ਵੱਖ-ਵੱਖ ਸਭਿਆਚਾਰਾਂ ਨੂੰ ਉਤਸਾਹਤ ਕਰ ਸਕਦੀਆਂ ਹਨ।

ਕਿਸੇ ਵਿਅਕਤੀ ਦੀ ਸ਼ਖ਼ਸੀਅਤ ਦੇ ਵਿਕਾਸ ਵਿਚ ਭਾਸ਼ਾ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ, ਕਿਉਂਕਿ ਸੰਚਾਰ ਸਾਡੇ ਜੀਵਨ ਨੂੰ ਚਲਾਉਂਦਾ ਤੇ ਬਿਹਤਰ ਬਣਾਉਂਦਾ ਹੈ। ਮੂਲ ਰੂਪ ਵਿਚ ਭਾਸ਼ਾ ਮਨੁੱਖਾਂ ਨੂੰ ਜਾਨਵਰਾਂ ਤੋਂ ਵਖਰਾ ਕਰਦੀ ਹੈ। ਦੁਨੀਆ ਦੇ 8 ਅਰਬ ਲੋਕ ਅਤੇ 195 ਆਜ਼ਾਦ ਦੇਸ਼ਾਂ ਵਿਚ ਲਗਭਗ 7139 ਭਾਸ਼ਾਵਾਂ ਬੋਲ-ਚਾਲ 'ਚ ਆਉਂਦੀਆਂ ਹਨ।

ਇਹ ਭਾਸ਼ਾਵਾਂ ਸਮੇਂ ਦੇ ਨਾਲ ਹੌਲੀ-ਹੌਲੀ ਵਿਕਸਤ ਹੋਈਆਂ ਹਨ। ਭਾਸ਼ਾਵਾਂ ਸਭਿਆਚਾਰਕ ਅਤੇ ਸਮਾਜਕ ਪੋਸ਼ਣ ਲਈ ਜ਼ਰੂਰੀ ਹਨ। ਸੰਸਾਰ ਵਿਚ ਸ਼ਾਂਤੀ ਨਾਲ ਰਹਿਣ ਲਈ ਇਕ-ਦੂਜੇ ਦੇ ਸਭਿਆਚਾਰ, ਨਿਯਮਾਂ, ਧਰਮ ਅਤੇ ਪਰੰਪਰਾਵਾਂ ਨੂੰ ਸਮਝਣ ਲਈ ਭਾਸ਼ਾ ਦਾ ਅਹਿਮ ਸਥਾਨ ਹੈ। ਹਰ ਦੇਸ਼ ਦੀ ਅਪਣੀ ਸਰਕਾਰੀ ਭਾਸ਼ਾ ਹੈ। ਉਸ ਭਾਸ਼ਾ ਨੂੰ ਮਹੱਤਵ ਦਿੰਦੇ ਹਨ ਜੋ ਉਨ੍ਹਾਂ ਨੂੰ ਦੂਜੇ ਦੇਸ਼ਾਂ ਨਾਲੋਂ ਵਖਰੀ ਪਹਿਚਾਣ ਦਵਾਉਂਦੀ ਹੈ। ਸਕੂਲ ਵਿਚ ਪੜ੍ਹਾਈ ਤੋਂ ਇਲਾਵਾ, ਰਾਸ਼ਟਰ ਦਾ ਪ੍ਰਸ਼ਾਸਨਕ ਕੰਮ ਸਰਕਾਰੀ ਭਾਸ਼ਾ ਵਿਚ ਕੀਤਾ ਜਾਂਦਾ ਹੈ। ਸਥਾਨਕ ਭਾਸ਼ਾ ਵਿਚ ਹੀ ਕੌਮ ਦਾ ਸਭਿਆਚਾਰਕ ਸੁਰਖਿਅਤ ਰਖਿਆ ਜਾ ਸਕਦਾ ਹੈ।

**ਬੋਲੀ ਜਾਂ ਭਾਸ਼ਾ ਦੇ ਰੂਪ**

ਭਾਸ਼ਾ ਦੀ ਖ਼ੂਬਸੂਰਤੀ ਇਹ ਹੈ ਕਿ ਇਸ ਵਿਚ ਸੈਂਕੜੇ ਕਿਸਮਾਂ ਸ਼ਾਮਲ ਹਨ ਪਰ ਸਿੱਖਣ ਦੀ ਸ਼ੁਰੂਆਤ ਮਾਂ ਅਤੇ ਮਾਂ ਬੋਲੀ ਤੋਂ ਹੀ ਹੁੰਦੀ ਹੈ। ਇਹ ਭਾਵਨਾਵਾਂ ਨੂੰ ਪ੍ਰਗਟਾਉਣ ਦਾ ਸਭ ਤੋਂ ਉੱਤਮ ਵਸੀਲਾ ਹੈ। ਭਾਸ਼ਾ ਨਾਲ ਮਾਂ ਹੀ ਬੱਚੇ ਦੀ ਪਹਿਲੀ ਸਾਂਝ ਪੁਆਉਂਦੀ ਹੈ। ਬੱਚੇ ਵੀ ਸਭ ਤੋਂ ਪਹਿਲਾ ਮਾਂ ਸ਼ਬਦ ਹੀ ਬੋਲਦੇ ਹਨ। ਜਨਮ ਤੋਂ ਬਾਅਦ ਜਿਹੜੀ ਭਾਸ਼ਾ ਵਿਚ ਲੋਰੀਆਂ, ਕਥਾ, ਕਹਾਣੀਆਂ, ਗੀਤ, ਘੋੜੀਆਂ, ਸੁਹਾਗ ਅਤੇ ਖ਼ੁਸ਼ੀ-ਗ਼ਮੀ ਸਮੇਂ ਜੋ ਬੋਲਦੇ ਸੁਣਦੇ ਹਾਂ, ਉਹ ਭਾਸ਼ਾ ਹੀ ਬੱਚੇ ਦੀ ਮਾਂ-ਬੋਲੀ ਅਖਵਾਉਂਦੀ ਹੈ। ਮਾਂ ਬੱਚੇ ਨੂੰ ਜਨਮ ਦੇਣ ਵਾਲੀ ਹੀ ਨਹੀਂ, ਬੱਚੇ ਦੀ ਪਹਿਲੀ ਅਧਿਆਪਕ ਵੀ ਹੁੰਦੀ ਹੈ ਜਿਥੋਂ ਉਹ ਸਿਖਣ ਦੀ ਪਹਿਲੀ ਪੁਲਾਂਘ ਪੁਟਦਾ ਹੈ।

**ਬੋਲਚਾਲ ਅਤੇ ਲਿਖਤੀ ਬੋਲੀ**

ਜਦੋਂ ਅਸੀਂ ਅਪਣੇ ਮਨ ਦੇ ਵਿਚਾਰਾਂ ਨੂੰ ਬੋਲ ਕੇ ਪ੍ਰਗਟ ਕਰਦੇ ਹਾਂ ਤਾਂ ਉਸ ਨੂੰ ਬੋਲਚਾਲ ਜਾਂ ਮੌਖਿਕ ਬੋਲੀ ਆਖਦੇ ਹਨ। ਇਸ ਦੀ ਵਰਤੋਂ ਆਮ ਗੱਲਬਾਤ ਲਈ ਕੀਤੀ ਜਾਦੀ ਹੈ। ਅਪਣੇ ਮਨ ਦੇ ਭਾਵਾਂ ਨੂੰ ਲਿਖ ਕੇ ਪੇਸ਼ ਕਰਦੇ ਹਾਂ ਤਾਂ ਉਸ ਨੂੰ ਲਿਖਤੀ ਬੋਲੀ, ਟਕਸਾਲੀ ਬੋਲੀ ਜਾਂ ਸਾਹਿਤਕ ਬੋਲੀ ਆਖਦੇ ਹਨ। ਇਹ ਭਾਸ਼ਾ ਵਿਆਕਰਣਿਕ ਨਿਯਮਾਂ ਵਿਚ ਬੱਝੀ ਹੁੰਦੀ ਹੈ। ਭਾਵਾਂ ਦਾ ਪ੍ਰਗਟਾਵਾ ਠੀਕ ਕਰਨ ਲਈ ਢੁਕਵੇਂ ਚਿਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ। ਲੇਖਕ, ਸਾਹਿਤਕਾਰ, ਵਿਦਵਾਨ ਅਪਣੀਆਂ ਲਿਖਤਾਂ ਵਿਚ ਭਾਸ਼ਾ ਦੀ ਸੁਚੱਜੀ ਵਰਤੋਂ ਨਾਲ ਪਾਠਕਾਂ ਨੂੰ ਜੋੜ ਕੇ ਰਖਦੇ ਹਨ।

**ਰਾਜ ਭਾਸ਼ਾ :** ਰਾਜ ਵਿਚ ਬੋਲੀ ਜਾਣ ਵਾਲੀ ਭਾਸ਼ਾ ਨੂੰ ਰਾਜ ਭਾਸ਼ਾ ਆਖਦੇ ਹਨ। ਉਸ ਰਾਜ ਵਿਚ ਵਿਦਿਅਕ ਅਦਾਰੇ ਤੇ ਸਰਕਾਰੀ ਦਫ਼ਤਰਾਂ ਦੇ ਕੰਮ-ਕਾਜ ਰਾਜ ਭਾਸ਼ਾ ਵਿਚ ਹੀ ਹੁੰਦੇ ਹਨ। ਸਰਕਾਰੀ ਨੌਕਰੀ ਪ੍ਰਾਪਤ ਕਰਨ ਲਈ ਦਸਵੀਂ ਜਮਾਤ ਤਕ ਰਾਜ ਭਾਸ਼ਾ ਪੜ੍ਹੀ ਹੋਣਾ ਲਾਜ਼ਮੀ ਹੈ ਤਾਂ ਜੋ ਸਥਾਨਕ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਮਝਿਆ ਜਾ ਸਕੇ। ਰਾਜ ਦਾ ਸਭਿਆਚਾਰ, ਸੰਸਕ੍ਰਿਤੀ, ਰੀਤੀ-ਰਿਵਾਜਾਂ ਨੂੰ ਸਥਾਨਕ ਭਾਸ਼ਾ ਤੋਂ ਬਿਨਾ ਨਹੀਂ ਸਮਝਿਆ ਜਾ ਸਕਦਾ। ਇਲਾਕੇ ਦੀ ਭਿੰਨਤਾ ਆ ਜਾਣ ਦੇ ਕਾਰਨ ਬੋਲੀ ਦੇ ਜੋ ਵੱਖ-ਵੱਖ ਰੂਪ ਮਿਲਦੇ ਹਨ, ਉਸ ਨੂੰ ਉਪ-ਬੋਲੀ ਜਾਂ ਉਪ-ਭਾਸ਼ਾ ਆਖਦੇ ਹਨ। ਭਾਸ਼ਾ ਸਾਰੇ ਭੂਗੋਲਿਕ ਇਲਾਕਿਆਂ ਵਿਚ ਇਕੋ ਜਹੀ ਨਹੀਂ ਹੁੰਦੀ। ਸਥਾਨ ਬਦਲਣ ਕਾਰਨ ਭਾਸ਼ਾ ਵਿਚ ਵਿਸ਼ੇਸ਼ ਸਥਾਨਕ ਰੰਗ ਵੇਖਣ ਨੂੰ ਮਿਲਦੇ ਹਨ।

**ਪੰਜਾਬੀ ਦੀਆਂ ਉਪ-ਬੋਲੀਆਂ**

ਪੰਜਾਬੀ ਭਾਸਾ ਵਿਚ ਮਾਝੀ, ਦੁਆਬੀ, ਮਲਵਈ, ਮੁਲਤਾਨੀ, ਪੋਠੋਹਾਰੀ, ਪੁਆਧੀ ਆਦਿ ਪ੍ਰਸਿੱਧ ਉਪ-ਬੋਲੀਆਂ ਹਨ। 1947 ਵਿਚ ਦੇਸ਼ ਦੀ ਵੰਡ ਸਮੇਂ ਪੰਜਾਬੀ ਬੋਲਦਾ ਵੱਡਾ ਹਿੱਸਾ ਪਾਕਿਸਤਾਨ ਵਿਚ ਜਾਣ ਕਰ ਕੇ ਪੋਠੋਹਾਰੀ ਅਤੇ ਮੁਲਤਾਨੀ ਉਪ-ਭਾਸ਼ਾਵਾਂ ਪਾਕਿਸਤਾਨ ਵਿਚ ਬੋਲਦੇ ਹਨ। ਅੰਮ੍ਰਿਤਸਰ, ਗੁਰਦਾਸਪੁਰ, ਬਟਾਲਾ, ਤਰਨਤਾਰਨ, ਬਿਆਸ, ਪਠਾਨਕੋਟ ਆਦਿ ਇਲਾਕਿਆਂ ਵਿਚ ਮਾਝੀ ਬੋਲੀ ਜਾਂਦੀ ਹੈ। ਇਹ ਮਾਝੇ ਦੇ ਇਲਾਕੇ ਦੇ ਨਾਂ ਨਾਲ ਪ੍ਰਚੱਲਤ ਹਨ। ਇਥੋਂ ਦੇ ਰਹਿਣ ਵਾਲਿਆਂ ਨੂੰ 'ਮਝੈਲ' ਕਹਿੰਦੇ ਹਨ। ਇਥੇ ਵਰਤੇ ਜਾਂਦੇ ਡਿਹਾ, ਉਹਦਾ, ਬੱਧਾ, ਡਿੱਠਾ ਖ਼ਾਸ ਸ਼ਬਦ ਪ੍ਰਚਲਤ ਹਨ।

ਦੁਆਬਾ ਖੇਤਰ ਦਰਿਆ ਸਤਲੁਜ ਅਤੇ ਬਿਆਸ ਦੇ ਨਾਲ ਲਗਦੇ ਜ਼ਿਲ੍ਹੇ ਜਿਵੇਂ ਜਲੰਧਰ, ਕਪੂਰਥਲਾ, ਨਕੋਦਰ, ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ), ਫਗਵਾੜਾ, ਹੁਸ਼ਿਆਰਪੁਰ, ਬੰਗਾ, ਫਿਲੌਰ ਆਦਿ ਇਲਕਿਆਂ ਵਿਚ ਦੁਆਬੀ ਬੋਲੀ ਜਾਂਦੀ ਹੈ। ਇਸ ਖੇਤਰ ਨੂੰ ਦੁਆਬਾ ਤੇ ਉਥੇ ਦੇ ਲੋਕਾਂ ਨੂੰ ਦੁਆਬੀਏ ਆਖਦੇ ਹਨ। ਇਥੇ ਮੁੱਖ ਤੌਰ 'ਤੇ ਬਿਚੋਲਾ, ਬੱਖੀ, ਖੱਟਾ, ਬੰਗਾਂ ਆਦਿ ਸ਼ਬਦ ਬੋਲਦੇ ਹਨ।

**ਮਾਲਵਾ ਖੇਤਰ:** ਬਠਿੰਡਾ, ਮੁਕਤਸਰ, ਮਾਨਸਾ, ਬਰਨਾਲਾ, ਫ਼ਿਰੋਜ਼ਪੁਰ, ਫ਼ਰੀਦਕੋਟ, ਮੋਗਾ, ਲੁਧਿਆਣਾ, ਸੰਗਰੂਰ, ਪਟਿਆਲਾ, ਸ੍ਰੀ ਫ਼ਤਹਿਗੜ੍ਹ ਸਾਹਿਬ ਅਤੇ ਸਿਰਸਾ (ਹਰਿਆਣਾ) ਸਤਲੁਜ ਤੋਂ ਉਪਰ ਦੇ ਪਾਸੇ ਮਲਵਈ ਬੋਲਦੇ ਹਨ। ਇਸ ਦਾ ਘੇਰਾ ਬਹੁਤ ਵਿਸ਼ਾਲ ਹੈ। ਇਥੋਂ ਦੇ ਲੋਕਾਂ ਨੂੰ ਮਲਵਈ ਆਖਦੇ ਹਨ ਤੇ ਇਹ ਇਲਾਕਾ 'ਮਾਲਵੇ' ਦੇ ਨਾਂ ਨਾਲ ਮਸ਼ਹੂਰ ਹੈ। ਅਸੀਂ ਦੀ ਥਾਂ ਆਪ, ਕਰਦਾ ਦੀ ਥਾਂ ਕਰਨਾ, ਖੜ ਜਾ ਆਦਿ ਸ਼ਬਦ ਵਰਤਦੇ ਹਨ।

**ਪੁਆਧੀ** ਉਪ-ਬੋਲੀ ਜ਼ਿਲ੍ਹਾ ਰੋਪੜ, ਮੋਹਾਲੀ ਅਤੇ ਸਿਰਸਾ, ਅੰਬਾਲਾ (ਹਰਿਆਣਾ) ਜ਼ਿਲ੍ਹੇ ਦੇ ਪੇਂਡੂ ਇਲਾਕਿਆਂ, ਪਟਿਆਲਾ ਪੂਰਬੀ ਤੇ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਕੁੱਝ ਹਿੱਸਿਆਂ ਵਿਚ ਪੁਆਧੀ ਬੋਲਦੇ ਹਨ। ਇਸ ਨੂੰ 'ਪੁਆਧ' ਦਾ ਇਲਾਕਾ ਕਹਿੰਦੇ ਹਨ ਤੇ ਰਹਿਣ ਵਾਲਿਆਂ ਨੂੰ 'ਪੁਆਧੜ' ਜਾ 'ਪੁਆਧੀ' ਆਖਦੇ ਹਨ। ਇਸ ਇਲਾਕੇ ਵਿਚ ਸਾਨੂੰ ਦੀ ਜਗ੍ਹਾ ਹਮੇਂ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ।

**ਪੋਠੋਹਾਰੀ** ਭਾਸ਼ਾ ਪਾਕਿਸਤਾਨ ਦੇ ਜ਼ਿਹਲਮ, ਕੈਮਲਪੁਰ ਅਤੇ ਰਾਵਲਪਿੰਡੀ ਦੇ ਪਹਾੜੀ ਇਲਾਕੇ ਵਿਚ ਬੋਲਦੇ ਹਨ। ਇਸ ਇਲਾਕੇ ਵਿਚ 'ਨੂੰ' ਦੀ ਥਾਂ 'ਕੀ' ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ- ਉਸ ਨੂੰ ਦੀ ਥਾਂ ਉਸ ਕੀ ਸ਼ਬਦ ਵਰਤਿਆ ਜਾਂਦਾ ਹੈ। ਮੁਲਤਾਨੀ ਪਾਕਿਸਤਾਨ ਦੇ ਮੁਲਤਾਨ, ਬਹਾਵਲਪੁਰ, ਝੰਗ ਅਤੇ ਡੇਰਾ ਗਾਜੀ ਖ਼ਾਂ, ਮੁਜ਼ਫ਼ਰਗੜ੍ਹ ਵਿਚ ਇਹ ਉਪ-ਬੋਲੀ ਬੋਲੀ ਜਾਂਦੀ ਹੈ। ਇਸ ਉਪ-ਬੋਲੀ ਵਿਚ ਮੁੰਡਾ, ਤੋੜਾ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ।

**ਡੋਗਰੀ –** ਜੰਮੂ ਤੇ ਕਾਂਗੜੇ 'ਚ ਬੋਲਦੇ ਹਨ। ਇਥੋਂ ਦੇ ਲੋਕ 'ਦੇ, ਦੀ' ਸ਼ਬਦਾਂ ਦੀ ਬਹੁਤ ਵਰਤੋਂ ਕਰਦੇ ਹਨ। ਜਿਵੇਂ : ਗਏ ਦੇ ਨੇ, ਆਇਆ ਦਾ ਏ ਆਦਿ। ਰਾਸ਼ਟਰੀ ਭਾਸ਼ਾ ਹਿੰਦੀ ਸਮੁੱਚੇ ਭਾਰਤ ਵਿਚ ਸਮਝੀ ਜਾਂਦੀ ਭਾਸ਼ਾ ਹੈ। ਇਹ ਦੇਸ਼ ਵਿਚ ਬੋਲਚਾਲ ਦਾ ਮੁੱਖ ਸਾਧਨ ਹੈ ਜਿਸ ਦੀ ਵਰਤੋਂ ਸਰਕਾਰ, ਸਿਖਿਆ, ਸਿਨੇਮਾ, ਮੀਡੀਆ ਅਤੇ ਕਾਰੋਬਾਰ ਵਿਚ ਕੀਤੀ ਜਾਂਦੀ ਹੈ।

ਹਿੰਦੀ ਦਾ ਗਿਆਨ ਭਾਰਤੀ ਸਭਿਆਚਾਰ ਅਤੇ ਸਮਾਜ ਵਿਚ ਡੂੰਘੀ ਸਮਝ ਅਤੇ ਏਕੀਕਰਨ ਦੀ ਆਗਿਆ ਦਿੰਦਾ ਹੈ। ਹਾਲਾਂਕਿ ਬਹੁਤ ਸਾਰਾ ਰਾਸ਼ਟਰੀ ਕਾਰੋਬਾਰ ਅੰਗਰੇਜ਼ੀ ਅਤੇ ਭਾਰਤੀ ਸੰਵਿਧਾਨ ਵਿਚ ਮਾਨਤਾ ਪ੍ਰਾਪਤ ਹੋਰ ਭਾਸ਼ਾਵਾਂ ਵਿਚ ਵੀ ਕੀਤਾ ਜਾਂਦਾ ਹੈ। ਹਿੰਦੀ ਦੇਸ਼ ਦੀ ਅਨੇਕਤਾ ਨੂੰ ਏਕਤਾ ਦੀ ਲੜੀ ਵਿਚ ਬੰਨ੍ਹਣ ਲਈ ਅਹਿਮ ਰੋਲ ਨਿਭਾਉਂਦੀ ਹੈ। ਹਿੰਦੀ ਕੇਂਦਰੀ ਦਫ਼ਤਰਾਂ ਦੀ ਸਰਕਾਰੀ ਭਾਸ਼ਾ ਹੈ ਪਰ ਅਜਿਹਾ ਵੀ ਨਹੀਂ ਕਿ ਅੰਗਰੇਜ਼ੀ ਵਿਚ ਕੰਮ ਦੀ ਮਨਾਹੀ ਹੈ।

**ਅੰਤਰਰਾਸ਼ਟਰੀ ਭਾਸ਼ਾ :** ਅੰਗਰੇਜ਼ੀ ਅੰਤਰਰਾਸ਼ਟਰੀ ਪੱਧਰ 'ਤੇ ਬੋਲੀ ਜਾਣ ਵਾਲੀ ਭਾਸ਼ਾ ਹੈ ਜਿਸ ਦੁਆਰਾ ਕੁਲ ਸੰਸਾਰ ਵਪਾਰ, ਕੂਟਨੀਤਕ ਸਮਝੌਤੇ, ਅੰਤਰਰਾਸ਼ਟਰੀ ਪੱਧਰ ਦੇ ਸਮਾਜਕ ਮੰਚ ਅਪਣੇ ਵਿਚਾਰਾਂ ਦਾ ਅਦਾਨ-ਪ੍ਰਦਾਨ ਕਰਦੇ ਹਨ। ਕਿਸੇ ਵੀ ਦੇਸ਼ ਦਾ ਨਾਗਰਿਕ ਦੂਜੇ ਮੁਲਕਾਂ ਵਿਚ ਕੰਮ, ਵਪਾਰ ਜਾਂ ਪੜ੍ਹਾਈ ਕਰਨ ਲੱਗਿਆਂ ਮੁਸ਼ਕਲ ਨਹੀਂ ਆਉਂਦੀ। ਸੰਸਾਰ ਦੇ ਲਗਭਗ ਸਾਰੇ ਦੇਸ਼ਾਂ ਵਿਚ ਅੰਗਰੇਜ਼ੀ ਬੋਲੀ ਜਾਂਦੀ ਹੈ।

**ਭਾਸ਼ਾਵਾਂ ਦੀ ਸੰਵਿਧਾਨਕ ਮਾਨਤਾ**

ਸਾਡੇ ਭਾਰਤ ਦੇ ਸੰਵਿਧਾਨ ਦੀ ਅੱਠਵੀਂ ਅਨੁਸੂਚੀ 'ਚ 22 ਭਾਸ਼ਾਵਾਂ – ਪੰਜਾਬੀ, ਅਸਾਮੀ, ਬੰਗਾਲੀ, ਗੁਜਰਾਤੀ, ਹਿੰਦੀ, ਕੰਨੜ, ਕਸ਼ਮੀਰੀ, ਕੋਂਕਣੀ, ਮਲਿਆਲਮ, ਮਣੀਪੁਰੀ, ਮਰਾਠੀ, ਨੇਪਾਲੀ, ਉੜੀਆ, ਸੰਸਕ੍ਰਿਤ, ਸਿੰਧੀ, ਤਾਮਿਲ, ਤੇਲਗੂ, ਉਰਦੂ, ਬੋਡੋ, ਸੰਥਾਲੀ, ਮੈਥਿਲੀ ਤੇ ਡੋਗਰੀ ਸੰਵਿਧਾਨ ਪ੍ਰਵਾਨਤ ਹਨ। ਪੰਜਾਬੀ ਭਾਸ਼ਾ ਵੀ ਉਨ੍ਹਾਂ ਬਾਈ ਭਾਸ਼ਾਵਾਂ ਵਿਚੋਂ ਇਕ ਹੈ।

ਇਸ ਆਧੁਨਿਕ ਤੇ ਸਭਿਅਕ ਸੰਸਾਰ 'ਚ ਜਿਉਂਦੇ ਰਹਿਣ ਲਈ ਭਾਸ਼ਾ ਗਿਆਨ ਬਹੁਤ ਜ਼ਰੂਰੀ ਹੈ। ਅੱਜ ਭਾਸ਼ਾ ਵੱਡਾ ਵਪਾਰ ਦਾ ਸਾਧਨ ਹੈ। ਬਹੁਤ ਸਾਰੀਆਂ ਅਨੁਵਾਦ ਕੰਪਨੀਆਂ ਅਨੁਵਾਦ ਸੇਵਾਵਾਂ ਪ੍ਰਦਾਨ ਕਰ ਰਹੀਆਂ ਹਨ। ਗਲੋਬਲ ਪੱਧਰ ਤੇ ਵਪਾਰ ਵਧਣ ਕਾਰਨ ਅਨੁਵਾਦ ਸੇਵਾਵਾਂ ਵਿਚ ਅਥਾਹ ਵਾਧਾ ਹੋਇਆ। ਮਾਂ-ਬੋਲੀ ਪੰਜਾਬੀ ਹੁਣ ਦੇਸ਼ਾਂ-


# Injured in an accident? ICBC claim?

## We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫ਼ੈਸ਼ਨਲ ਅਤੇ ਤਜ਼ਰਬੇਕਾਰ ਸਟਾਫ਼ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀਂ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.



Mandeep Randhawa,
*B.Sc., L.L.B (UBC)*

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999

RM TRIAL LAWYERS

MANDEEP RANDHAWA LAW CORPORATION

**T 604 449 7500**

#200 – 6245 136th Street, Surrey, BC, V3X 1H3

• F 604 449 7501 • TF 1 888 449 7573 • www.rmlawyers.ca

☞ ਵਿਦੇਸਾਂ ਵਿਚ ਵੀ ਬੋਲੀ, ਸੁਣੀ ਤੇ ਲਿਖੀ ਜਾ ਰਹੀ ਹੈ ਪਰ ਸਾਡੇ ਘਰਾਂ ਵਿਚ ਰੋਜ਼ਮੱਰਾ ਦੀ ਬੋਲਚਾਲ ਵਿਚੋਂ ਘਟਦੀ ਜਾ ਰਹੀ ਹੈ। ਸਮਾਜ ਵਿਚ ਵਿਚਰਦਿਆਂ ਸਾਨੂੰ ਪੰਜਾਬੀ ਬੋਲਣ 'ਤੇ ਮਾਣ ਹੋਣਾ ਚਾਹੀਦਾ ਹੈ।

ਗੁਰੂਆਂ ਪੀਰਾਂ ਦੀ ਛੋਹ ਪ੍ਰਾਪਤ ਭਾਸ਼ਾ ਦਾ ਦੁਨੀਆਂ ਵਿਚ ਬੋਲਬਾਲਾ ਹੈ। ਸਾਰੀਆਂ ਭਾਸਾਵਾਂ ਬਹੁਤ ਵਧੀਆ ਹਨ। ਸਾਰੀਆਂ ਭਾਸ਼ਾਵਾਂ ਦਾ ਗਿਆਨ ਹੋਣਾ ਜ਼ਰੂਰੀ ਹੈ ਪਰ ਮਾਂ ਬੋਲੀ ਪੰਜਾਬੀ ਨਾਲੋਂ ਮੁੱਖ ਨਹੀਂ ਮੋੜਨਾ ਚਾਹੀਦਾ। ਪੰਜਾਬੀ ਜ਼ੁਬਾਨ ਦੇ ਸੰਜੀਦੇ ਕਲਾਕਾਰ, ਸਾਹਿਤ, ਸਾਹਿਤਕਾਰ, ਸਭਿਆਚਾਰ, ਵਿਰਾਸਤੀ ਸਥਾਨਾਂ ਦੀ ਅਹਿਮੀਅਤ ਬਾਰੇ ਬੱਚਿਆਂ ਨੂੰ ਦਸਣਾ ਚਾਹੀਦਾ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਬਦਸਤੂਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਹੋਰ ਬੁਲੰਦੀਆਂ ਵਲ ਲੈ ਕੇ ਜਾਣ।

**ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ,**
**ਪੰਜਾਬ ਹਰਿਆਣਾ ਹਾਈਕੋਰਟ ਚੰਡੀਗੜ**
**ਮੋ. 78374-90309**

# ਸੰਵਿਧਾਨ ਨੂੰ ਹੋਰ ਮਜ਼ਬੂਤ ਬਣਾਉਣ ਦੀ ਲੋੜ ਤਾਂਕਿ ਦੇਸ਼ ਤੇ ਇਸ ਦੇ ਸਾਰੇ ਲੋਕ ਹੋਰ ਮਜ਼ਬੂਤ ਬਣ ਸਕਣ

ਗਣਤੰਤਰ ਦਿਵਸ! ਇਹ ਦਿਵਸ ਨਿਰਾ ਪੂਰਾ ਅੰਗਰੇਜ਼ੀ ਕਾਨੂੰਨਾਂ ਤੋਂ ਮੁਕਤੀ ਤੇ ਅਪਣਾ ਸੰਵਿਧਾਨ ਆਪ ਬਣਾਉਣ ਤੇ ਆਪ ਉਸ ਅਨੁਸਾਰ ਦੇਸ਼ ਨੂੰ ਚਲਾਉਣ ਦੀ ਆਜ਼ਾਦੀ ਦਾ ਪ੍ਰਤੀਕ ਹੀ ਨਹੀਂ ਬਲਕਿ ਇਕ ਆਮ ਭਾਰਤੀ ਨੂੰ ਕਾਨੂੰਨੀ ਤੌਰ ਤੇ ਦੇਸ਼ ਦਾ ਨਿਰਮਾਤਾ ਤੇ ਹਾਕਮ ਮੰਨ ਲੈਣ ਦਾ ਵੀ ਪ੍ਰਤੀਕ ਹੈ। ਸੰਵਿਧਾਨ ਦੇ ਮੁੱਖ ਲੇਖਕ, ਬਾਬਾ ਸਾਹਿਬ ਅੰਬੇਦਕਰ ਦੀ ਅਪਣੀ ਜ਼ਿੰਦਗੀ ਇਸੇ ਹੱਕ ਨੂੰ ਅਮਲੀ ਜਾਮਾ ਪਹਿਨਾਉਣ ਦੀ ਜਦੋਜਹਿਦ ਵਿਚ ਬੀਤੀ ਸੀ।

ਉਨ੍ਹਾਂ ਦੀ ਇਕ ਕਿਤਾਬ ਹੈ, ''ਵੇਟਿੰਗ ਫਾਰ ਵੀਜ਼ਾ'' ਜਿਸ ਵਿਚ ਉਹ ਅਪਣੇ ਬਚਪਨ ਦੇ ਐਸੇ ਵਕਤ ਦਾ ਵਰਨਣ ਕਰਦੇ ਹਨ ਜਦ ਉਨ੍ਹਾਂ ਅਤੇ ਉਨ੍ਹਾਂ ਦੇ ਭੈਣ-ਭਰਾਵਾਂ ਨੂੰ ਬੜੇ ਲੰਮੇ ਸਫ਼ਰ ਤੋਂ ਬਾਅਦ ਪਾਣੀ ਦੀ ਇਕ ਬੂੰਦ ਦੇਣ ਤੋਂ ਵੀ ਇਨਕਾਰ ਕਰ ਦਿਤਾ ਗਿਆ ਸੀ ਕਿਉਂਕਿ ਉਹ ਛੋਟੀ ਜਾਤੀ ਤੋਂ ਸਨ। ਉਸੇ ਛੋਟੀ ਜਾਤੀ ਦੇ ਬਾਬਾ ਸਾਹਿਬ ਨੇ ਸਾਰੇ ਭਾਰਤੀਆਂ, ਭਾਵੇਂ ਉਹ ਕਿਸੇ ਵੀ ਵਰਗ, ਜਾਤ, ਲਿੰਗ ਤੋਂ ਹਨ, ਲਈ ਸਾਡੇ ਸੰਵਿਧਾਨ ਰਾਹੀਂ ਆਜ਼ਾਦੀ ਦਾ ਰਾਹ ਖੋਲ੍ਹ ਦਿਤਾ।

ਬਾਬਾ ਸਾਹਿਬ ਦਾ ਆਖਿਆ ਹਰ ਲਫ਼ਜ਼ ਬੜਾ ਗਹਿਰੀ ਸੋਚ ਦਾ ਲਖਾਇਕ ਸੀ ਪਰ ਕੁੱਝ ਐਸੀਆਂ ਗੱਲਾਂ ਵੀ ਸਨ ਜੋ ਸ਼ਾਇਦ ਭਾਰਤੀਆਂ ਵਲੋਂ ਸਮਝੀਆਂ ਹੀ ਨਹੀਂ ਗਈਆਂ। ਉਹ ਮੰਨਦੇ ਸਨ ਕਿ ਸੰਵਿਧਾਨ ਭਾਵੇਂ ਜਿੰਨਾ ਵੀ ਚੰਗਾ ਹੋਵੇ, ਜਦ ਤਕ ਉਸ ਨੂੰ ਲਾਗੂ ਕਰਨ ਵਾਲੇ ਸਹੀ ਨਹੀਂ ਹੋਣਗੇ, ਸੰਵਿਧਾਨ ਸਫ਼ਲ ਨਹੀਂ ਹੋ ਸਕੇਗਾ। ਉਸ ਨੂੰ ਸਮਝਣਾ ਪਵੇਗਾ ਕਿ ਲੋਕਤੰਤਰ ਦੀ ਸੋਚ ਨਾ ਪੂਰਾ ਹੋਣ ਵਾਲਾ ਸੁਪਨਾ ਨਹੀਂ ਹੈ ਬਲਕਿ ਉਸ ਵਾਸਤੇ ਹਰ ਨਾਗਰਿਕ ਨੂੰ ਅਪਣੇ ਅੰਦਰ ਜਾਗਰੂਕਤਾ ਲਿਆਉਣੀ ਪਵੇਗੀ। ਉਹ ਜਾਗਰੂਕਤਾ ਸਿਰਫ਼ ਅਪਣੇ ਹੱਕਾਂ ਲਈ ਹੀ ਨਹੀਂ ਬਲਕਿ ਅਪਣੇ ਹਾਣ ਦੇ ਹਰ ਨਾਗਰਿਕ ਵਾਸਤੇ ਸਤਿਕਾਰ ਤੇ ਮਾਣ ਮੰਗਦੀ ਹੈ।

ਇਸ ਪਿਛੋਕੜ ਦਾ ਬਿਆਨ ਇਸ ਲਈ ਵੀ ਜ਼ਰੂਰੀ ਸੀ ਕਿ ਕਈ ਪਾਸਿਆਂ ਤੋਂ ਇਹ ਆਵਾਜ਼ਾਂ ਵੀ ਆ ਰਹੀਆਂ ਹਨ ਕਿ ਨਵਾਂ ਸੰਵਿਧਾਨ ਲਿਖਣ ਦੀ ਲੋੜ ਪੈਦਾ ਹੋ ਗਈ ਹੈ ਕਿਉਂਕਿ 1949-50 ਵਿਚ ਹਾਲਾਤ ਹੋਰ ਸਨ ਤੇ ਅੱਜ ਬਿਲਕੁਲ ਹੋਰ ਹੋ ਗਏ ਹਨ। ਜ਼ਮਾਨਾ ਤੇਜ਼ੀ ਨਾਲ ਬਦਲ ਰਿਹਾ ਹੈ। ਅੱਜ ਭਾਰਤ ਵਰਗੇ ਇਕ ਵਿਸ਼ਾਲ ਦੇਸ਼ ਨੂੰ 'ਇਕ' ਅਥਵਾ ਮਜ਼ਬੂਤ ਬਣਾਉਣ ਦਾ ਤਰੀਕਾ ਇਹ ਨਹੀਂ ਕਿ ਰਾਜਾਂ ਦੀਆਂ ਸ਼ਕਤੀਆਂ ਵੀ, ਹੌਲੀ-ਹੌਲੀ ਕੇਂਦਰ ਅਪਣੇ ਹੱਥਾਂ ਵਿਚ ਲੈ ਲਵੇ, ਘੱਟ-ਗਿਣਤੀਆਂ ਬਾਰੇ ਕਾਨੂੰਨ ਉਨ੍ਹਾਂ ਦੀ ਸਲਾਹ ਲਏ ਬਿਨਾ ਉਸ ਤਰ੍ਹਾਂ ਹੀ ਬਣਾਏ ਜਾਣ ਲੱਗ ਪੈਣ ਜਿਵੇਂ ਬਸਤੀਵਾਦੀ ਸਰਕਾਰ ਇੰਗਲੈਂਡ ਵਿਚੋਂ ਕਾਨੂੰਨ ਬਣਾ ਕੇ ਭੇਜ ਦਿੰਦੀ ਸੀ ਤੇ ਉਹ ਇਥੇ ਲਾਗੂ ਕਰ ਦਿਤੇ ਜਾਂਦੇ ਸੀ।

ਅੰਗਰੇਜ਼ ਸਰਕਾਰ ਫਿਰ ਵੀ ਭਾਰਤੀ ਆਗੂਆਂ ਨਾਲ ਸਲਾਹ ਕਰਨ ਦੇ ਕਈ ਯਤਨ ਕਰਦੀ ਵੇਖੀ ਗਈ ਸੀ ਜਿਹੜੀ ਪ੍ਰਥਾ ਹੁਣ ਬਿਲਕੁਲ ਹੀ ਖ਼ਤਮ ਕੀਤੀ ਜਾ ਚੁਕੀ ਹੈ। ਦੇਸ਼ ਦੇ ਸਾਰੇ ਰਾਜਾਂ ਵਿਚ ਰਾਏਪੇਰੀਅਨ ਲਾਅ ਲਾਗੂ ਹੈ ਤੇ ਘੱਟ ਗਿਣਤੀ ਦੀ ਬਹੁਲਤਾ ਵਾਲੇ ਕਿਸੇ ਇਕ ਰਾਜ ਵਿਚ ਰਾਏਪੇਰੀਅਨ ਲਾਅ ਨੂੰ ਲਾਗੂ ਕਰਨ ਤੋਂ ਸਾਫ਼ ਨਾਂਹ ਕਰ ਦਿਤੀ ਜਾਂਦੀ ਹੈ। ਦੇਸ਼ ਦੇ ਸਾਰੇ ਰਾਜਾਂ ਨੂੰ ਅਪਣੀ ਰਾਜਧਾਨੀ ਪਹਿਲੇ ਦਿਨ ਹੀ ਮਿਲ ਜਾਂਦੀ ਹੈ ਤੇ ਕਿਸੇ ਰਾਜ ਨੂੰ 57 ਸਾਲ ਬਾਅਦ ਵੀ ਰਾਜਧਾਨੀ ਨਹੀਂ ਦਿਤੀ ਜਾ ਰਹੀ। ਦੇਸ਼ ਦੀ 80 ਫ਼ੀ ਸਦੀ ਦੌਲਤ 10 ਫ਼ੀ ਸਦੀ ਲੋਕਾਂ ਕੋਲ ਜਮ੍ਹਾਂ ਹੋ ਗਈ ਹੈ ਤੇ ਸੰਵਿਧਾਨ ਕੁੱਝ ਨਹੀਂ ਕਰ ਸਕਿਆ, ਹਰ ਬੇਇਨਸਾਫ਼ੀ ਕਰਨ ਦੀ ਚੁੱਪ ਰਹਿ ਕੇ ਆਗਿਆ ਦੇ ਦੇਂਦਾ ਹੈ।

ਅਜਿਹੇ ਹਾਲਾਤ ਵਿਚ ਸੰਵਿਧਾਨ ਦੇਸ਼ ਨੂੰ ਮਜ਼ਬੂਤ ਬਣਾਉਣ ਵਿਚ ਸਫ਼ਲ ਨਹੀਂ ਰਹਿ ਰਿਹਾ ਤੇ ਇਹ ਸੋਚ ਦਿਨ-ਬ-ਦਿਨ ਮਜ਼ਬੂਤ ਹੁੰਦੀ ਜਾ ਰਹੀ ਹੈ। ਸਮਾਂ ਰਹਿੰਦੇ, ਦੇਸ਼ ਦੇ ਭਲੇ ਲਈ ਸੰਵਿਧਾਨ ਵਿਚ ਜ਼ਰੂਰੀ ਤਬਦੀਲੀਆਂ ਕਰਨ ਬਾਰੇ ਵੀ ਸੋਚਣਾ ਜ਼ਰੂਰ ਚਾਹੀਦਾ ਹੈ। ਅਜਿਹੇ ਹੀ ਹਾਲਾਤ ਵਿਚ ਦੇਸ਼ ਤੋਂ ਵੱਖ ਹੋਣ ਜਾ ਰਹੇ ਲੋਕਾਂ ਨੂੰ ਅਪਣਾ ਇਰਾਦਾ ਬਦਲ ਲੈਣ ਲਈ ਤਿਆਰ ਕਰਨ ਲਈ ਜਦ ਕੈਨੇਡਾ ਨੇ ਅਪਣਾ ਸੰਵਿਧਾਨ ਬਦਲ ਲਿਆ ਤਾਂ ਮਾਹਰਾਂ ਨੇ ਕਿਹਾ ਸੀ ਕਿ ਕੈਨੇਡਾ ਨੇ ਸੰਵਿਧਾਨ ਅੰਦਰ ਇਕ ਹੋਰ ਸੰਵਿਧਾਨ ਸਿਰਜ ਲਿਆ ਹੈ।

ਜੋ ਵੀ ਸੀ ਪਰ ਕੈਨੇਡਾ ਨੇ ਅਪਣੇ ਦੇਸ਼ ਨੂੰ ਇਸ ਤਰ੍ਹਾਂ ਮਜ਼ਬੂਤ ਜ਼ਰੂਰ ਕਰ ਲਿਆ ਸੀ। ਸਾਡੇ ਲਈ ਵੀ ਸੋਚਣ ਦਾ ਸਮਾਂ ਹੈ। ਸੰਵਿਧਾਨ ਸਾਰੇ ਭਾਰਤੀਆਂ ਦਾ ਸੰਵਿਧਾਨ ਬਣਿਆ ਰਹਿ ਕੇ ਹੀ ਦੇਸ਼ ਦੀ ਸੇਵਾ ਕਰ ਸਕਦਾ ਹੈ, ਕੇਵਲ ਬਹੁਗਿਣਤੀ ਦਾ ਸੰਵਿਧਾਨ ਬਣ ਕੇ ਨਹੀਂ।

– ਨਿਮਰਤ ਕੌਰ

# 4 ਮਹੀਨੇ ਪਹਿਲਾਂ ਵਰਕ ਪਰਮਿਟ 'ਤੇ ਕੈਨੇਡਾ ਆਏ 26 ਸਾਲਾ ਨੌਜਵਾਨ ਦੀ ਮੌਤ



ਐਬਟਸਫੋਰਡ (ਡਾ. ਗੁਰਵਿੰਦਰ ਸਿੰਘ) ਚਾਰ ਮਹੀਨੇ ਪਹਿਲਾਂ ਕੈਨੇਡਾ ਆਏ ਪਿੰਡ ਕਾਲਸਾਂ, ਜ਼ਿਲਾ ਲੁਧਿਆਣਾ ਦੇ 26 ਸਾਲਾਂ ਨੌਜਵਾਨ ਦੀ ਮੌਤ ਦੀ ਦੁਖਦਾਈ ਖਬਰ ਹੈ। ਐਬਟਸਫੋਰਡ, ਬ੍ਰਿਟਿਸ਼ ਕੋਲੰਬੀਆ, ਕੈਨੇਡਾ ਦੀ ਧਰਤੀ 'ਤੇ ਅਕਤੂਬਰ 2023 ਵਿੱਚ ਆਏ ਨਿਰਮਲ ਸਿੰਘ ਨਾਂ ਦੇ ਨੌਜਵਾਨ ਦੀ ਬੇਵਕਤ ਮੌਤ ਕਾਰਨ ਉਸਦੇ ਨਜ਼ਦੀਕੀ ਪਰਿਵਾਰਕ ਮੈਂਬਰਾਂ ਅੰਦਰ ਸੋਗ ਦੀ ਲਹਿਰ ਫੈਲ ਗਈ ਹੈ। ਸੂਤਰਾਂ ਅਨੁਸਾਰ ਨਿਰਮਲ ਸਿੰਘ ਦੀ ਮੌਤ ਸੁੱਤੇ ਪਏ ਸਾਹ ਬੰਦ ਹੋਣ ਕਾਰਨ ਹੋਣ ਦਾ ਪਤਾ ਲੱਗਿਆ ਹੈ। ਇਹ ਨੌਜਵਾਨ ਚਾਰ ਮਹੀਨੇ ਪਹਿਲਾਂ ਕੈਨੇਡਾ ਵਰਕ ਪਰਮਿਟ ਤੇ ਆਇਆ ਸੀ। ਪਿੰਡ ਕਾਲਸਾਂ ਜਿਲਾ ਲੁਧਿਆਣੇ ਦੇ ਵਾਸੀ ਹਰਦੀਪ ਸਿੰਘ ਅਤੇ ਸੁਰਿੰਦਰ ਕੌਰ ਦੇ ਪੁੱਤਰ ਨਿਰਮਲ ਸਿੰਘ ਦੀ ਬੇਵਕਤ ਮੌਤ ਕਾਰਨ ਉਸਦੇ ਦੋਸਤਾਂ ਮਿੱਤਰਾਂ ਨੇ ਮਿਲ ਕੇ ਗੋ ਫੰਡ ਸਥਾਪਿਤ ਕੀਤਾ ਹੈ ਅਤੇ ਉਸ ਦੇ ਅੰਤਿਮ ਸਸਕਾਰ ਦੀਆਂ ਰਸਮਾਂ ਅਤੇ ਗੁਰਦੁਆਰਾ ਸਾਹਿਬ ਵਿਖੇ ਅੰਤਿਮ ਅਰਦਾਸ ਦੀ ਸੇਵਾ ਲਈ ਸਹਿਯੋਗ ਦੇ ਯਤਨ ਕੀਤੇ ਜਾ ਰਹੇ ਹਨ। ਇੱਥੇ ਜ਼ਿਕਰ ਯੋਗ ਹੈ ਪਿਛਲੇ ਕੁਝ ਸਮੇਂ ਦੌਰਾਨ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਕੰਮ ਤੇ ਕੈਨੇਡਾ ਆਉਣ ਵਾਲੇ ਨੌਜਵਾਨਾਂ ਦੀਆਂ ਮੌਤਾਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੋਣਾ ਗੰਭੀਰ ਚਿੰਤਾ ਦਾ ਵਿਸ਼ਾ ਹੈ।

# ਨੌਜਵਾਨ ਕੈਵਨਦੀਪ ਸਿੰਘ ਬਰਾੜ ਦੀ ਕੈਨੇਡਾ 'ਚ ਮੌਤ



ਐਬਟਸਫੋਰਡ:(ਡਾ. ਗੁਰਵਿੰਦਰ ਸਿੰਘ) ਕੈਨੇਡਾ ਵਾਸਤੇ ਪੰਜਾਬੀਆਂ ਲਈ ਇਹ ਦੁੱਖ ਭਰੀ ਖਬਰ ਹੈ ਕਿ ਜ਼ਿਲਾ ਲੁਧਿਆਣਾ ਅਤੇ ਤਹਿਸੀਲ ਜਗਰਾਉਂ ਚ ਪੈਂਦੇ ਪਿੰਡ ਲੱਖੇ ਦੇ ਸਵਰਗੀ ਸ. ਬਿੱਕਰ ਸਿੰਘ ਧਾਲੀਵਾਲ ਦੀ ਧੀ ਕੁਲਦੀਪ ਕੌਰ ਬਰਾੜ ਤੇ ਜ਼ਿਲਾ ਮੋਗਾ 'ਚ ਪੈਂਦੇ ਪਿੰਡ ਆਲਮਵਾਲਾ ਦੇ ਕੁਲਵੰਤ ਸਿੰਘ ਬਰਾੜ ਦਾ ਨੌਜਵਾਨ ਪੁੱਤਰ, ਟੋਰਾਂਟੋ ਵਾਸੀ ਕੈਵਨਦੀਪ ਸਿੰਘ ਬਰਾੜ ਬੀਤੇ ਦਿਨ ਭਰ ਜਵਾਨੀ ਵਿੱਚ ਗੁਜ਼ਰ ਗਿਆ ਹੈ। ਦੁੱਖ ਵਿੱਚ ਬੇਹਾਲ ਪਰਿਵਾਰ ਨੇ ਭਰੇ ਮਨ ਨਾਲ ਦੱਸਿਆ ਕਿ 27 ਸਾਲਾ ਕੈਵਨਦੀਪ ਸਿੰਘ ਬਰਾੜ 17 ਸਾਲ ਬਾਅਦ ਇੰਡੀਆ ਗਿਆ ਸੀ ਅਤੇ ਤਿੰਨ ਦਿਨ ਪਹਿਲਾਂ ਪਰਤਿਆ ਸੀ ਅਚਾਨਕ ਸਿਹਤ ਵਿਗੜ ਗਈ, ਜੋ ਕਿ ਉਸ ਦੀ ਜਾਨ ਲੇਵਾ ਸਿੱਧ ਹੋਈ। ਬਰਾੜ ਪਰਿਵਾਰ ਵੱਲੋਂ ਨੌਜਵਾਨ ਕੈਵਨਦੀਪ ਸਿੰਘ ਦਾ ਅੰਤਿਮ ਸੰਸਕਾਰ ਬਰੈਂਪਟਨ ਸ਼ਮਸ਼ਾਨਘਾਟ ਵਿਖੇ ਦੋ ਫਰਵਰੀ, ਦਿਨ ਸ਼ੁਕਰਵਾਰ ਨੂੰ ਬਾਅਦ ਦੁਪਹਿਰ 1 ਵਜੇ ਹੋਵੇਗਾ ਅਤੇ ਉਸ ਤੋਂ ਮਗਰੋਂ ਗੁਰਦੁਆਰਾ ਸਾਹਿਬ ਉਨਟੈਰੀਓ ਖਾਲਸਾ ਦਰਬਾਰ, ਡਿਕਸੀ ਰੋਡ, ਮਿਸੀਸਾਗਾ ਵਿਖੇ ਅੰਤਿਮ ਅਰਦਾਸ ਹੋਵੇਗੀ। ਨੌਜਵਾਨ ਕੈਵਨਦੀਪ ਸਿੰਘ ਬਰਾੜ ਦੇ ਦੁਖਦਾਈ ਵਿਛੋੜੇ ਦਾ, ਨਿੱਜੀ ਤੌਰ ਗਹਿਰਾ ਸਦਮਾ ਹੈ।


Expert Advice, Consultation & Representation in all your legal matters



FAMILY LAW
- Separation, marriage, prenuptial and co-habitation agreements
- Divorce and separation proceedings
- Child and Spousal support
- Division of Property
- Adoption Applications
- Right to move with child applications

IMMIGRATION LAW
- Students, Workers and Visitors cases
- All Immigration matters
- Sponsorship cases

REAL ESTATE IN BC AND ALBERTA
- Sale and purchase of Residential and Commercial Properties in BC and Alberta
- Sale & Purchase of Business
- Land Use, Real Estate, Property Tax Assessment
- Lien Claims
- Contractual Claims
- Real Estate Litigation

EMPLOYMENT LAW
- Review of employment contracts
- Drafting employment contracts
- Wrongful dismissal
- Breach of employment contract
- Workplace injury
- Exploitation & workplace harassment
- Workplace events claims

CORPORATE & BUSINESS LAW
- Share holder agreements
- Lease agreement
- Tenancy agreement
- Formation & dissolving of companies
- Partnerships and joint ventures
- Business / Shareholder disputes

NOTARY SERVICES
- Notarizations
- Wills, Estates and Trusts
- Affidavits and Declarations
- Visitor Visa, Super Visa Declarations
- Sponsorship Declarations
- Power of attorney

BENEFITS OF CHOOSING US
- Low Cost & High Quality Legal Service
- Honest Advice & Customized Solutions
- Client's Satisfaction & Peace of Mind
- Best Results

CHARANJEET KAUR RAINA
LAWYER AND NOTARY PUBLIC

778 835 8455

#201-13049 76th Avenue, Surrey BC V3W2V7
www.rainalaw.com Email : craina@rainalaw.com

# ਸੀ.ਬੀ.ਸੀ. ਅਦਾਰੇ ਵੱਲੋਂ ਸਿੱਖ ਪੁਲਿਸ ਅਫ਼ਸਰ ਤੇ ਉਸਦੇ ਪਰਿਵਾਰ 'ਤੇ ਕੇਂਦਰਤ ਸੀਰੀਜ਼ 'ਅਲੀਜੈਂਸ' 7 ਫ਼ਰਵਰੀ ਨੂੰ ਹੋਵੇਗੀ ਰਿਲੀਜ਼

ਵੈਨਕੂਵਰ:ਸੀਬੀਸੀ ਅਦਾਰੇ ਵੱਲੋਂ ਇੱਕ ਨਵੀਂ ਟੀਵੀ ਸੀਰੀਜ਼ ਸ਼ੁਰੂ ਕੀਤੀ ਜਾ ਰਹੀ ਹੈ ਜਿਸਦੀ ਕਹਾਣੀ ਇੱਕ ਸਿੱਖ ਕੈਨੇਡੀਅਨ ਪੁਲਿਸ ਅਫ਼ਸਰ ਅਤੇ ਉਸ ਦੇ ਪਰਿਵਾਰ ਉੱਤੇ ਕੇਂਦਰਤ ਹੈ।

ਅਲੀਜੈਂਸ ਨਾਮ ਦੀ ਇਹ ਕਰਾਈਮ ਡਰਾਮਾ ਸੀਰੀਜ਼, ਉੱਤਰੀ ਅਮਰੀਕਾ ਵਿਚ ਪਹਿਲੀ ਕਰਾਈਮ ਡਰਾਮਾ ਸੀਰੀਜ਼ ਹੈ ਜਿਸ ਵਿਚ ਇੱਕ ਸਿੱਖ ਮਹਿਲਾ ਪੁਲਿਸ ਅਫਸਰ ਮੁੱਖ ਕਿਰਦਾਰ ਦੀ ਭੂਮਿਕਾ ਵਿਚ ਹੈ।

ਇਹ ਕਹਾਣੀ ਬੀਸੀ ਦੇ ਸਰੀ ਦੀ ਜਮਪਲ ਸਬਰੀਨਾ ਸੋਹਲ ਦੇ ਇਰਦ-ਗਿਰਦ ਘੁੰਮਦੀ ਹੈ। ਕ੍ਰਿਮਿਨੌਲੋਜੀ ਵਿਚ ਮਾਸਟਰ ਡਿਗਰੀ ਕਰਨ ਤੋਂ ਬਾਅਦ ਸਬਰੀਨਾ ਪੁਲਿਸ ਵਿਚ ਨਵੀਂ ਭਰਤੀ ਹੋਈ ਹੈ। ਉਸਦੇ ਪਰਿਵਾਰ ਵਿਚ ਕਈ ਪੀੜ੍ਹੀਆਂ ਪੁਲਿਸ ਅਤੇ ਫ਼ੌਜ ਵਿਚ ਸੇਵਾਵਾਂ ਨਿਭਾ ਚੁੱਕੀਆਂ ਹਨ, ਅਤੇ ਆਪਣੇ ਪਰਿਵਾਰ ਦੀ ਇਸ ਵਿਰਾਸਤ ਨੂੰ ਕਾਇਮ ਰੱਖਦਿਆਂ ਉਹ ਪੁਲਿਸ ਕਾਂਸਟੇਬਲ ਭਰਤੀ ਹੁੰਦੀ ਹੈ। ਪਰ ਉਸਦੀ ਭਰਤੀ ਦੇ ਐਨ ਖ਼ਾਸ ਦਿਨ ਉਸਦੇ ਪਿਤਾ ਅਜੀਤ ਸੋਹਲ, ਜੋਕਿ ਇਕ ਪਬਲਿਕ ਸੇਫ਼ਟੀ ਮੰਤਰੀ ਹਨ, ਅਤੇ ਪੁਲਿਸ ਮਹਿਕਮੇ ਦੇ ਮੁੱਖੀ ਹਨ, ਨੂੰ ਦੇਸ਼ ਧਰੋਹ ਦੇ ਝੂਠੇ ਇਲਜ਼ਾਮ ਵਿਚ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ।

ਸਬਰੀਨਾ ਆਪਣੇ ਪਿਤਾ ਨੂੰ ਇਸ ਇਲਜ਼ਾਮ ਤੋਂ ਬਰੀ ਕਰਾਉਣ ਦੀ ਕੋਸ਼ਿਸ਼ਾਂ ਕਰਦੀ ਹੈ। ਦੇਸ਼ ਧਰੋਹ ਵਰਗਾ ਇਲਜ਼ਾਮ ਨਾ ਸਿਰਫ਼ ਅਜੀਤ ਸੋਹਲ ਦੇ ਸਿਆਸੀ ਭਵਿੱਖ ਨੂੰ ਰੋਲ ਦਿੰਦਾ ਹੈ ਸਗੋਂ ਪੂਰੇ ਪਰਿਵਾਰ ਦੀ ਸਾਕ ਵੀ ਦਾਅ 'ਤੇ ਲੱਗ ਜਾਂਦੀ ਹੈ। ਸਬਰੀਨਾ ਨਿਆਂ ਪ੍ਰਣਾਲੀ ਵਿਚ ਖ਼ਾਮੀਆਂ ਤੋਂ ਵਾਕਫ਼ ਸੀ, ਪਰ ਉਸਨੂੰ ਇਹ ਨਹੀਂ ਸੀ ਪਤਾ ਕਿ ਇਹ ਖ਼ਾਮੀਆਂ ਉਸਦੇ ਪਿਤਾ ਦੇ ਅਹੁਦੇ 'ਤੇ ਬੈਠੇ ਲੋਕਾਂ ਨੂੰ ਵੀ ਨਿਸ਼ਾਨਾ ਬਣਾ ਸਕਦੀਆਂ ਸਨ। ਉਸਦੇ ਪਿਤਾ ਦੀ ਗ੍ਰਿਫ਼ਤਾਰੀ ਸਬਰੀਨਾ ਦੀ ਜ਼ੁਲਮ ਖ਼ਿਲਾਫ਼ ਲੜਨ ਅਤੇ ਸਿਸਟਮ ਦੀ ਖ਼ਰਾਬੀਆਂ ਨੂੰ ਠੀਕ ਕਰਨ ਦੀ ਇੱਛਾ ਨੂੰ ਹੋਰ ਹੁਲਾਰਾ ਦਿੰਦੀ ਹੈ। ਇਹ ਕਹਾਣੀ ਇੱਕ ਨੌਜਵਾਨ ਲੜਕੀ ਦੀ ਕਹਾਣੀ ਹੈ ਜੋ ਆਪਣੇ ਦੇਸ਼, ਆਪਣੀ ਵਰਦੀ ਅਤੇ ਆਪਣੇ ਪਰਿਵਾਰ ਪ੍ਰਤੀ ਵਫ਼ਾਦਾਰੀ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਕਈ ਤਰ੍ਹਾਂ ਦੀਆਂ ਚੁਣੌਤੀਆਂ ਨਾਲ ਜੂਝਦੀ ਹੈ।

ਚੰਡੀਗੜ ਵਿਚ ਜੰਮੀ ਅਤੇ ਟੋਰੌਂਟੋ ਵਿਚ ਵੱਡੀ ਹੋਈ ਅਦਾਕਾਰਾ, ਸੁਪਿੰਦਰ ਵੜੈਚ ਨੇ ਕਾਂਸਟੇਬਲ ਸਬਰੀਨਾ ਸੋਹਲ ਦਾ ਕਿਰਦਾਰ ਨਿਭਾਇਆ ਹੈ। ਰੇਡੀਓ ਕੈਨੇਡਾ ਇੰਟਰਨੈਸ਼ਨਲ ਨਾਲ ਖ਼ਾਸ ਮੁਲਾਕਾਤ ਵਿਚ ਸੁਪਿੰਦਰ ਨੇ ਆਪਣੇ ਅਤੇ ਇਸ ਸੀਰੀਜ਼ ਬਾਰੇ ਕਈ ਦਿਲਚਸਪ ਗੱਲਾਂ ਕੀਤੀਆਂ।

ਸੁਪਿੰਦਰ ਚਾਰ ਸਾਲ ਦੀ ਸੀ ਜਦੋਂ ਉਹ ਭਾਰਤ ਤੋਂ ਕੈਨੇਡਾ ਆਈ। ਪਹਿਲਾਂ ਉਹਨਾਂ ਦਾ ਪਰਿਵਾਰ ਸਕਾਰਬ੍ਰੋਅ ਦੇ ਇਲਾਕੇ ਵਿਚ ਰਿਹਾ ਅਤੇ ਫਿਰ ਬ੍ਰੈਂਪਟਨ ਲਾਗੇ ਰਹਿਣ ਲੱਗ ਪਿਆ। ਸੁਪਿੰਦਰ ਕੈਨੇਡੀਅਨ ਫ਼ਿਲਮ ਸੈਂਟਰ ਦੀ ਐਕਟਰਜ਼ ਕੰਜ਼ਵੇਟੋਰੀ ਚੋਂ ਗ੍ਰੈਜੂਏਟ ਹੈ ਅਤੇ ਉਸਨੇ ਸ਼ੈਰੀਡਨ ਕਾਲਜ ਵਿਚ ਐਡਵਾਂਸਡ ਫ਼ਿਲਮ ਐਂਡ ਟੈਲੀਵੀਜ਼ਨ ਪ੍ਰੋਗਰਾਮ ਵਿਚ ਵੀ ਪੜਾਈ ਕੀਤੀ ਹੈ। ਸੁਪਿੰਦਰ ਕਹਿੰਦੀ ਹੈ ਕਿ ਉਸਨੇ ਐਕਟਿੰਗ ਦਾ ਪੇਸ਼ਾ ਇਸ ਕਰਕੇ ਚੁਣਿਆ ਕਿਉਂਕਿ ਉਸਨੂੰ ਲੱਗਦਾ ਹੈ ਕਿ ਆਪਣੇ ਜਜ਼ਬਾਤ ਅਤੇ ਅਹਿਸਾਸ ਪ੍ਰਗਟਾਉਣ ਦਾ ਇਹ ਇੱਕ ਬਿਹਤਰੀਨ ਮਾਧਿਅਮ ਹੈ।

'ਪੂਰੇ ਸਿੱਖ ਪੰਜਾਬੀ ਭਾਈਚਾਰੇ ਦੀ ਨੁਮਾਇੰਦਗੀ'

ਅਲੀਜੈਂਸ ਦੇ ਇੱਕ ਸਿੱਖ ਕੈਨੇਡੀਅਨ ਕਿਰਦਾਰ 'ਤੇ ਕੇਂਦਰਤ ਹੋਣ ਦੀ ਗੱਲ ਸੁਪਿੰਦਰ ਨੂੰ ਭਾਵੁਕ ਕਰਦੀ ਹੈ। ਜਦੋਂ ਉਸਨੂੰ ਪੁੱਛਿਆ ਕਿ ਤੁਸੀਂ ਇਸ ਟੀਵੀ ਸੀਰੀਜ਼ ਵਿਚ ਨਸਲੀ ਪਿਛੋੜ ਵਾਲੇ ਇੱਕ ਕਿਰਦਾਰ ਦੇ ਨਾਇਕ ਹੋਣ ਨੂੰ ਕਿਵੇਂ ਦੇਖਦੇ ਹੋ ਤਾਂ ਸੁਪਿੰਦਰ ਨੇ ਨਮ ਅੱਖਾਂ ਨਾਲ ਕਿਹਾ, ਤੁਸੀਂ ਇਸ ਸੀਰੀਜ਼ ਦੇ ਪੋਸਟਰ 'ਤੇ ਲੱਗੀ ਮੇਰੀ ਤਸਵੀਰ ਦੇਖ ਰਹੇ ਹੋ? ਇਹ ਮੇਰੀ ਸ਼ਕਲ ਹੈ, ਪਰ ਮੈਨੂੰ ਲੱਗਦਾ ਹੈ ਕਿ ਇੱਥੇ ਪੂਰਾ ਭਾਈਚਾਰਾ ਖੜਾ ਹੈ। ਇਹ ਸਾਡੀ ਸਾਰਿਆਂ ਦੀ ਨੁਮਾਇੰਦਗੀ ਹੈ।

ਉਹ ਕਹਿੰਦੀ ਹੈ ਕਿ ਕੈਨੇਡਾ ਵਿਚ ਰਹਿੰਦੇ ਇਮੀਗ੍ਰੈਂਟ ਭਾਈਚਾਰੇ ਨੇ ਬਹੁਤ ਸਾਰੇ ਕਰਾਈਮ ਡਰਾਮਾ ਦੇਖੇ ਹੋਣੇ, ਪਰ ਆਪਣੇ ਵਰਗੇ ਕਿਸੇ ਕਿਰਦਾਰ ਨੂੰ ਕਦੇ ਮੁੱਖ ਭੂਮਿਕਾ ਵਿਚ ਨਹੀਂ ਸੋਚਿਆ ਹੋਵੇਗਾ। ਇਸ ਕਰਕੇ ਇਹ ਸੀਰੀਜ਼ ਬਹੁਤ ਮਹੱਤਵਪੂਰਨ ਹੈ। ਸੁਪਿੰਦਰ ਕਹਿੰਦੀ ਹੈ ਕਿ ਇਸ ਡਰਾਮੇ ਦੀ ਕਹਾਣੀ ਜਾਂ ਐਕਟਿੰਗ ਨਾਲੋਂ ਵੀ ਜ਼ਿਆਦਾ ਅਹਿਮ ਇਹ ਹੈ ਕਿ ਸਿੱਖ ਪੰਜਾਬੀ ਭਾਈਚਾਰੇ ਦੇ ਲੋਕ ਇਸ ਵਿਚ ਆਪਣੇ ਆਪ ਨੂੰ ਦੇਖ ਸਕਦੇ ਹਨ।

ਇਹ ਸ਼ੋਅ ਰਿਸ਼ਤਿਆਂ ਬਾਰੇ ਵੀ ਹੈ। ਪੁਲਿਸ ਦੇ ਭਾਈਚਾਰੇ ਨਾਲ ਸਬੰਧਾਂ ਅਤੇ ਪੁਲਿਸ ਦੇ ਪੁਲਿਸ ਨਾਲ ਰਿਸ਼ਤਿਆਂ ਬਾਰੇ।

ਸੁਪਿੰਦਰ ਨੇ ਦੱਸਿਆ ਕਿ ਪੁਲਿਸ ਅਫਸਰ ਦੀ ਭੂਮਿਕਾ ਨਿਭਾਉਣ ਲਈ ਉਸ ਨੇ ਖ਼ਾਸ ਜਾਣਕਾਰੀ ਵੀ ਲਿੱਤੀ। ਸ਼ੋਅ ਦੇ ਸੈੱਟ 'ਤੇ ਉਹਨਾਂ ਨਾਲ ਇੱਕ ਸਲਾਹਕਾਰ ਹੁੰਦਾ ਸੀ, ਜੋ ਉਹਨਾਂ ਨੂੰ ਬੰਦੂਕ ਫੜਨ ਤੋਂ ਲੈਕੇ ਕਿਸੇ ਥਾਂ 'ਤੇ ਪੁਲਿਸ ਦੇ ਪਹੁੰਚਣ 'ਤੇ ਪੁਲਿਸ ਵਾਲਿਆਂ ਦੀ ਚਾਲ-ਢਾਲ ਅਤੇ ਹੋਰ ਬਾਰੀਕ ਨੁਕਤਿਆਂ ਬਾਰੇ ਜਾਣਕਾਰੀ ਦਿੰਦਾ ਸੀ।

ਅਲੀਜੈਂਸ ਸੀਰੀਜ਼ ਦੇ ਇੱਕ ਇੱਕ ਘੰਟਾ ਲੰਬੇ 10 ਐਪੀਸੋਡ ਹਨ।

7 ਫ਼ਰਵਰੀ 2024 ਨੂੰ ਇਸ ਸੀਰੀਜ਼ ਦਾ ਵਰਡਲ ਪ੍ਰੀਮੀਅਰ ਹੋਵੇਗਾ। ਨਵੇਂ ਐਪੀਸੋਡ ਹਰ ਬੁੱਧਵਾਰ




ਨੂੰ ਛਭਛ ਘੲਮ ਸਟ੍ਰੀਮਿੰਗ ਪਲੈਟਫ਼ਾਰਮ 'ਤੇ ਮੁਫ਼ਤ ਉਪਲਬਧ ਹੋਣਗੇ ਅਤੇ ਹਰ ਬੁੱਧਵਾਰ ਰਾਤੀਂ 9 ਵਜੇ ਛਭਛ ਠੜ 'ਤੇ ਵੀ ਪ੍ਰਸਾਰਿਤ ਹੋਣਗੇ। ਅਲੀਜੈਂਸ ਵਿਚ ਸਬਰੀਨਾ ਸੋਹਲ ਦੇ ਪਿਤਾ ਮੰਤਰੀ ਅਜੀਤ ਸੋਹਲ ਦਾ ਕਿਰਦਾਰ ਮਸ਼ਹੂਰ ਕੈਨੇਡੀਅਨ ਅਦਾਕਾਰ ਸਟੀਫ਼ਨ ਲੋਬੋ ਨੇ ਨਿਭਾਇਆ ਹੈ। ਲੇਖਿਕਾ ਅਨਾਰ ਅਲੀ ਨੇ ਅਲੀਜੈਂਸ ਦੀ ਕਹਾਣੀ ਲਿਖੀ ਹੈ। ਇਸ ਤੋਂ ਇਲਾਵਾ ਇਸ ਸੀਰੀਜ਼ ਵਿਚ ਐਨਰਿਕੋ ਕੋਲਨਟੋਨੀ, ਐਡੋਲਿਨ ਡਾਰ, ਬ੍ਰਾਇਨ ਮਾਰਕਿਨਸਨ, ਮਾਰਕ ਐਲਿਸ ਅਤੇ ਡੇਵਿਡ ਕਿਊਬਿਟ ਵਰਗੇ ਨਾਮੀ ਕੈਨੇਡੀਅਨ ਐਕਟਰ ਵੀ ਨਜ਼ਰ ਆਉਣਗੇ।ਅਲੀਜੈਂਸ ਨੂੰ ਸੀਬੀਸੀ ਨੇ ਲਾਰਕ ਪ੍ਰੋਡਕਸ਼ਨਜ਼ ਦੇ ਸਹਿਯੋਗ ਨਾਲ ਬਣਾਇਆ ਹੈ ਅਤੇ ਗਲੋਬਲ ਡਿਸਟ੍ਰਿਬਿਊਸ਼ਨ NBC Unviersal ਦੀ ਹੈ।

ਧੰਨਵਾਦ ਸਹਿਤ ਸੀਬੀਸੀ

# ਬੀ ਸੀ ਦੇ ਗੁਰਦੁਆਰੇ 'ਚ ਸ਼ਰਧਾਲੂਆਂ ਨੂੰ ਡਰਾਉਣ ਦੇ ਮਾਮਲੇ ਦੀ ਜਾਂਚ ਸ਼ੁਰੂ


ਓਟਵਾ- ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਇਕ ਗੁਰਦੁਆਰੇ 'ਚ ਦੋ ਕਿਰਪਾਨਾਂ ਲਹਿਰਾ ਕੇ ਸ਼ਰਧਾਲੂਆਂ ਨੂੰ ਡਰਾਉਣ ਦੇ ਮਾਮਲੇ ਦੀ ਕੈਨੇਡੀਅਨ ਅਧਿਕਾਰੀਆਂ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਜਾਣਕਾਰੀ ਮੁਤਾਬਕ ਇਹ ਘਟਨਾ ਪੈਂਟਿਕਟਨ ਸਿਟੀ 'ਚ ਐਤਵਾਰ ਸ਼ਾਮ ਸਮੇਂ ਵਾਪਰੀ। ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੇ ਹਵਾਲੇ ਨਾਲ ਰਿਪੋਰਟ 'ਚ ਕਿਹਾ ਗਿਆ ਹੈ ਕਿ 23 ਵਰ੍ਹਿਆਂ ਦਾ ਨੌਜਵਾਨ ਕਿਰਪਾਨਾਂ ਲਹਿਰਾ ਕੇ ਗੁਰਦੁਆਰੇ 'ਚ ਆ ਰਹੇ ਲੋਕਾਂ ਨੂੰ ਡਰਾ ਰਿਹਾ ਸੀ। ਇਸ ਘਟਨਾ 'ਚ ਕੋਈ ਵੀ ਜ਼ਖ਼ਮੀ ਨਹੀਂ ਹੋਇਆ ਹੈ। ਪੁਲਿਸ ਨੇ ਇਕ ਵਿਅਕਤੀ ਨੂੰ ਹਿਰਾਸਤ 'ਚ ਲਿਆ ਸੀ।


ਆਪਣੇ ਵਪਾਰ ਦੇ ਵਾਧੇ ਲਈ/ਵਿਆਹ ਦੇ ਰਿਸ਼ਤੇ ਲਈ ਇਸ਼ਤਿਹਾਰ
ਪਾਉਣ ਲਈ ਫੋਨ ਕਰੋ:604-590-5200

UNIVERSAL TENT RENTAL LTD.

PARTY RENTALS
- Chair Rentals
- Tables Rentals
- Audio/Visual
- Linens Rentals
- BBQ'S Rentals
- Portable Bar
- Carpet
- Dance Floor
- Lighting
- Decor & More.



Call today to book
your special event
Jaswinder (Jessie) Thandi
Ph: 604.951.2905
Cell: 604.825.8588

Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ

NOW HIRING
Email: info@universaltent.ca
www.universaltent.ca

UNIVERSAL BUILDING MAINTENANCE LTD.
Since 1987

NOW HIRING



*RESIDENTIAL *COMMERCIAL *INDUSTRIAL

- Pressure Washing
- Carpet Cleaning
- Driveway Washing & Sealing
- Gutter Cleaning
- Floor Cleaning
- Waxing & Sealing
- New House Cleaning

Fast & Quality Service
Reasonable Rates

Call Jaswinder (Jessie) Thandi
Cell: 604-377-2641
Bus: 604-951-2909
Website:www.universalbuildingmaintenance.ca
Email:universalbuildingmaintenance01@gmail.com

# .Ck Auto.

SALE

BUY 4 TIRES & GET
ALLIGNMENT AT 1/2 PRICE
FLAT TYRE REPAIR FREE

NEW




40% off

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

## CK AUTO SERVICES LTD.

Clearance Sale
*Limited Quantity

On All Seasons & Winter Tires
(Auplus & Comforser)



TARSHOTAM BIRAN

**215/70R16**
**COMFORSER**
Reg: ~~$155.00~~
Now : $70.00




**235/65R17**
**COMFORSER**
Reg: ~~$220.00~~
Now : $95.00



SALE

**Comforser**
Size: 205/60/16
Reg Price: ~~$110~~
Sale Price : $55



**245/65R17**
**COMFORSER**
Reg: ~~$240.00~~
Now : $100.00



**215/70R15**
**GOOD YEAR INTEGRITY**
Reg: ~~$120.00~~
Now : $90.00



**Auplus**
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ

ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

**Cell: 778-322-1610, Tel: 604-592-2667** #106-13112-84th Ave.,Surrey



ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ
(India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI
CATERING

# SARDAR JI CATERING

**Website:www.sardarjicatering.com**



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ
ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

